ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

## ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਆ ਰਹੇ ਹਨ
## ਜੋ ਅਜ ਤਕ ਜਾਰੀ ਹਨ

FEB 1987



ਫ਼ਰਵਰੀ ੧੯੮੭

www.AKJ.org

# ਤਤਕਰਾ


| | | |
|---|---|---|
| ਗ੍ਰਿਹਿ ਤਾ ਕੇ ਬਸੰਤ ਗਨੰ। | ੩ | ਬਸੰਤ ਮਹਲਾ ੫ |
| ਵਾਹਿਗੁਰੂ ਸਿਮਰਨ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸੁਖਮਨੀ ਵਿਚ ਸਿਮਰਨ | ੭ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਗੁਰ ਪ੍ਰਸਾਦੀ ਹੀ ਨਾਮ ਮਨ ਵਿਚ ਵਸਦਾ ਹੈ | ੧੧ | 'ਗੁਰਮਤਿ ਰਮਜ਼ਾਂ' ਚੋਂ |
| ਸਤਿਗੁਰੁ ਦਾਤਾ ਨਾਮ ਕਾ | ੧੨ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ | ੧੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸਦਾ ਹੀ ਨੇਕ ਅਮਲਾਂ ਦੇ ਭਲੇ ਅੰਜਾਮ ਹੁੰਦੇ ਨੇ (ਗਜ਼ਲ) | ੨੦ | ਸ: ਉਜਾਗਰ ਸਿੰਘ ਉਲਫ਼ਤ |
| ਸੁਖਮਨੀ–ਸੁਖ-ਮਨੀ | ੨੧ | 'ਸੂਰਾ' ਪਰਵਾਰ ਵਲੋਂ |
| ਗੁਰੂ, ਗੁਰਦੁਆਰਾ, ਸੰਗਤ ਅਤੇ ਸਿਖ | ੨੭ | ਸ: ਨਰੈਣ ਸਿੰਘ ਜੀ ਐਮ. ਏ. |
| ਪਹਿਲਾ ਘਲੂਘਾਰਾ (੪) | ੨੯ | ਕੈਪਟਿਨ ਸਵਰਨ ਸਿੰਘ ਜੀ |
| ਅਕਾਲ ਤਖ਼ਤ ਨੂੰ ਮਜ਼ਬੂਤ ਕਰੋ | ੩੭ | ਸ: ਜਸਵੰਤ ਸਿੰਘ ਜੀ ਕੰਵਲ |
| 'ਕ੍ਰਿਪਾਨ' ਸਿਖ ਲਈ ਲਾਜ਼ਮੀ ਰਹਿਤ ਹੈ | ੪੦ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਊਰਾ |


ਗੁਰੂ ਹਰਿ ਰਾਇ ਸਾਹਿਬ ਅਵਤਾਰ ਧਾਰਿਆ ੧੧ ਫ਼ਰਵਰੀ

'ਸੂਰਾ' ਪੱਤਰ ਨੂੰ ਪੁਜੀ ਸਹਾਇਤਾ ਅਤੇ ਕੁਝ ਕਵਿਤਾਵਾਂ ਇਸ ਮਹੀਨੇ ਨਹੀਂ ਛਪ ਸਕੀਆਂ ।

## ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ

**ਨਿਤਨੇਮ ਉਤਸ਼ਾਹਤ ਸਕੀਮ**—ਭਾ: ਸਾ: ਭਾਈ ਰਣਧੀਰ ਸਿੰਘ ਟ੍ਰਸਟ ਵਲੋਂ ਗੁਰਮਤਿ ਪ੍ਰਚਾਰ ਮੁਕਾਬਲੇ ਪ੍ਰਾਜੈਕਟ ਅਧੀਨ ਸਿਖ ਬੱਚਿਆਂ ਵਿਚ ਗੁਰਸਿਖੀ ਪਰਫੁਲਤ ਕਰਨ ਲਈ ੧੦-੧੦-੮੬ ਨੂੰ ਦਿਲੀ ਸਮਾਗਮ ਤੇ ਸਕੂਲਾਂ ਕਾਲਜਾਂ ਦੇ ਬੱਚਿਆਂ ਦੀ ਪ੍ਰੀਖਿਆ ਹੋਈ । ਪਹਿਲੇ ਭਾਗ ਲਈ ਕੋਈ ਬਿਨੈ-ਪੱਤਰ ਨਹੀਂ ਸੀ ਆਇਆ । ਦੂਜੇ ਤੇ ਤੀਜੇ ਭਾਗ ਦੇ ਹੇਠ ਲਿਖੇ ਚਾਰ ਬੱਚਿਆਂ ਨੂੰ ਵਜ਼ੀਫੇ ਦਿਤੇ ਗਏ—

ਭਾਗ ਦੂਜਾ—ਬੀਬੀ ਰਾਜਿੰਦਰ ਕੌਰ ਸਪੁਤਰੀ ਸ: ਕੁਲਵਿੰਦਰ ਸਿੰਘ, ਜਲੰਧਰ ੬੬੦/- ਰੁਪਏ ।

ਭਾਗ ਤੀਜਾ—ਬੀਬੀ ਰੁਪਿੰਦਰ ਕੌਰ ੬੬੦/-, ਭਾਈ ਸਤਬੀਰ ਸਿੰਘ ੬੦੦/-, ਬੀਬੀ ਜਤਿੰਦਰ ਕੌਰ ੮੪੦/- ਰੁਪਏ , ਸਪੁਤਰ ਤੇ ਸਪੁਤਰੀਆਂ ਭਾਈ ਕਰਮ ਸਿੰਘ ਜੀ ਜਲੰਧਰ ਛਾਉਣੀ ।

**ਪਾਠ ਉਤਸ਼ਾਹਤ ਸਕੀਮ**—ਲੁਧਿਆਣਾ ਪੋਹ ਸੁਦੀ ਸਪਤਮੀ ਸਮਾਗਮ ਤੇ ੬-੧-੮੭ ਨੂੰ ਹੋਈ ਪ੍ਰੀਖਿਆ ਅਨੁਸਾਰ ਬੀਬੀ ਬਲਜੀਤ ਕੌਰ ਸਪੁਤਰੀ ਭਾਈ ਹਰਬੰਸ ਸਿੰਘ ਢੁਡੀਆਂ ਕਲਾਂ ਨੂੰ ੨੦੦੦/- ਰੁਪਏ ਨਕਦ ਅਤੇ ਤਿੰਨ ਪੁਸਤਕਾਂ ਦਿਤੀਆਂ ਗਈਆਂ ।


**ਗੁਰਬਾਣੀ ਰਹਿਤਨਾਮਾ**—ਸਿੱਖੀ ਰਹਿਤ ਲਈ ਸਹੀ ਸੇਧ ਕੇਵਲ 'ਗੁਰਬਾਣੀ' ਹੀ ਦੇਂਦੀ ਹੈ । ਭਾਈ ਰਾਮ ਸਿੰਘ ਜੀ ਨੇ ਗੁਰਮਤਿ ਰਹਿਤ-ਰਹਿਣੀ ਬਾਰੇ ਗੁਰਬਾਣੀ ਵਿਚੋਂ ਟੂਕ ਮਾਤਰ ਇਸ਼ਾਰੇ ਲੈ ਕੇ 'ਗੁਰਬਾਣੀ-ਰਹਿਤਨਾਮਾ' ਟਰੈਕਟ ਵਿਚ ਇਕੱਤਰ ਕੀਤੇ ਹਨ । ਸਿਖ ਸੰਗਤਾਂ ਇਸ ਤੋਂ ਲਾਭ ਉਠਾਉਣ । ਭੇਟਾ ਕੇਵਲ ੦–੫੦ ਪੈਸੇ



ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨-੨-੮੭ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫੋਨ ਨੰਬਰ : 51847 ਘਰ 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੦-੫੦ |

**ਪਰਦੇਸ (ਸਾਰੇ ਦੇਸ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੬੮-੦੦ |
| ਹਵਾਈ ਡਾਕ | ੧੦੦-੦੦ |

**ਅਮਾਨਤੀ**

**ਲਾਈਫ਼ ਮੈਂਬਰ**

| | |
|---|---|
| ਦੇਸ | ੧੫੦-੦੦ |
| ਪਰਦੇਸ (ਸਾਰੇ ਦੇਸ) | |
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੧ ਫ਼ਰਵਰੀ ੧੯੮੭ ਅੰਕ ੨

## ਗ੍ਰਿਹਿ ਤਾ ਕੇ ਬਸੰਤ ਗਨੀ

ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥
ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧॥

ਗ੍ਰਿਹਿ ਤਾ ਕੇ ਬਸੰਤੁ ਗਨੀ ॥ ਜਾ ਕੈ ਕੀਰਤਨੁ ਹਰਿ ਧੁਨੀ ॥੧॥ਰਹਾਉ॥

ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ ਗਿਆਨੁ ਕਮਾਈਐ ਪੂਛਿ ਜਨਾਂ ॥
ਸੋ ਤਪਸੀ ਜਿਸੁ ਸਾਧ ਸੰਗੁ ॥ ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥

ਸੋ ਨਿਰਭਉ ਜਿਸ ਭਉ ਪਇਆ ॥ ਸੋ ਸੁਖੀਆ ਜਿਸੁ ਭ੍ਰਮੁ ਗਇਆ ॥
ਸੋ ਇਕਾਂਤੀ ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥੩॥

ਏਕਾ ਖੋਜੈ ਏਕ ਪ੍ਰੀਤਿ ॥ ਦਰਸਨ ਪਰਸਨ ਹੀਤ ਚੀਤਿ ॥
ਹਰਿ ਰੰਗ ਰੰਗਾ ਸਹਜਿ ਮਾਣੁ ॥ ਨਾਨਕ ਦਾਸ ਤਿਸੁ ਜਨ ਕੁਰਬਾਣੁ ॥੪॥੩॥

—ਬਸੰਤੁ ਮਹਲਾ ੫, ਪੰਨਾ ੧੧੮੦



www.AKJ.Org

# ਵਾਹਿਗੁਰੂ ਸਿਮਰਨ

[ ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

**ਨਾਮ ਦੀ ਕਲਾ–**

ਵਿਸਮਾਦ ਰੂਪ ਅਕਾਲ ਪੁਰਖ ਦੀ ਸਿਫਤਿ ਸਾਲਾਹ ਭੀ ਵਿਸਮਾਦ ਰੂਪ ਹੈ। ਨਾਮ, ਗੁਰਮਤਿ ਨਾਮ ਦੀ ਸਚੀ ਤੱਤ ਸਿਫਤਿ ਸਾਲਾਹ ਹੈ। ਨਾਮ ਰੂਪੀ ਸਿਫਤਿ ਸਾਲਾਹ, ਬਿਸਮਾਦ ਰੰਗਾਂ ਵਾਲੀ ਧੰਨਤਾ ਹੈ। ਵਿਸਮਾਦੀ ਅਕਾਲ ਪੁਰਖ (ਨਾਮੀ) ਵਾਹਿਗੁਰੂ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ, ਕ੍ਰਿਸ਼ਮਨ ਸ਼ੁਕਰ-ਗੁਜ਼ਾਰੀ ਹੈ, ਜੋ ਨਾਮ-ਨਾਮੀ-ਅਭੇਦ ਵਿਸਮਾਦ ਰੰਗਾਂ ਵਿਚ ਹੀ ਗੁਰੂ ਗੁਣਤਾਸ ਵਲੋਂ ਉਚਾਰੀ, ਸੰਚਾਰੀ ਅਤੇ ਸੰਵਾਰੀ ਗਈ; ਜੋ ਇਸ ਦੀ ਸਿਫਤਿ ਸਾਲਾਹ ਰੂਪ ਧੰਨਤਾ ਦੇ ਉਚਾਰਨ, ਰਟਨਹਾਰੇ ਨੂੰ ਓੜਕ ਪਾਰਸ-ਰਸਾਇਣੀ ਕਲਾ ਵਰਤਾਇ ਕੇ ਵਿਸਮਾਦ ਰੰਗਾਂ ਵਿਚ ਲੀਨ ਕਰਾਉਣ ਨੂੰ ਸਮਰੱਥ ਹੈ। ਨਾਮ ਦੇ ਉਚਾਰਨਹਾਰਾ ਸੁਆਸ ਸੁਆਸ ਗੁਰਸ਼ਬਦ ਅਭਿਆਸ ਦੁਆਰਾ ਵਾਹੁ ਵਾਹੁ ਦੀ ਟੇਰ-ਰਟ ਲਗਾਇ ਕੇ ਵਾਸਤਵ ਵਿਚ ਵਾਹਿਗੁਰੂ ਅਕਾਲ ਪੁਰਖ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ ਕਰਦਾ ਹੈ। ਇਹ ਸ਼ੁਕਰ-ਗੁਜ਼ਾਰੀ ਅਤੇ ਕ੍ਰਿਤੱਗਤਾ ਕਾਹਦੀ ਹੈ, ਜਿਸ ਕਰਕੇ ਕੇਵਲ ਪ੍ਰਸ਼ਾਦਾ ਛਕਣ ਸਮੇਂ ਜਾਂ ਬਿਸਤਰੇ ਤੇ ਲੇਟਣ ਸਮੇਂ ਜਾਂ ਸੋਹਣੇ ਬਸਤਰ ਮਿਲਣ ਸਮੇਂ, ਰਿਹਾਇਸ਼ੀ ਸੁੰਦਰ ਮੰਦਰ ਤੱਕਣ ਸਮੇਂ ਇਹਨਾਂ ਵਸਤੂਆਂ ਦੇ ਭੋਗਣਹਾਰੇ ਦੇ ਮਨ ਵਿਚ ਇਸ ਤਰ੍ਹਾਂ ਦਾ ਕੇਵਲ ਛਿਨ-ਭੰਗਰੀ ਖ਼ਿਆਲ ਹੀ ਖ਼ਿਆਲ ਆਵੇ ਕਿ ਹੇ ਦਾਤਾ ਵਾਹਿਗੁਰੂ, ਤੂੰ ਧੰਨ ਹੈਂ ? ਇਸ ਤਰ੍ਹਾਂ ਦਾ ਖ਼ਿਆਲ ਮਾਤਰ ਆਉਣ ਨੂੰ ਕਈ ਫਿਲਾਸਫ਼ਰ ਐਨ ਗੁਰਮਤਿ ਨਾਮ ਸਿਮਰਨ ਸਮਝਦੇ ਹਨ। ਪਰੰਤੂ ਗੁਰਮਤਿ ਨਾਮ ਦਾ ਅਭਿਆਸ ਤੇ ਜਾਪ ਤਾਪ ਉਹਨਾਂ ਦੇ ਨਿਕਟ ਐਵੇਂ ਹੀ ਹੈ। ਉਹਨਾਂ ਦੇ ਖਿਆਲ ਵਿਚ 'ਨਾਮ ਕਿਸੇ ਇਕ ਨਾਮ ਦੀਂ ਮਕੈਨੀਕਲ ਰੈਪੀਟੀਸ਼ਨ ਹੀ ਹੈ।' ਗੁਰਮਤਿ ਨਾਮ ਦੀ ਸਿਫਤਿ ਸਾਲਾਹ ਰੂਪੀ ਸ਼ੁਕਰਾਨਾ, ਕੇਵਲ ਮਹਿਦੂਦ ਅਪ-ਸੁਆਰਥੀ ਖਿਆਲਾਂ ਵਾਲਾ ਛਿਨ ਭੰਗਰੀ ਮਨੋਰਥ-ਪੂਰਤੀ ਤੋਂ ਉਪਜਿਆ ਫ਼ਸਾਨਾ ਹੀ ਨਹੀਂ, ਬਲਕਿ "ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ" (੭੭੮) ਦੀ ਅਵਸਥਾ ਵਾਲਾ ਵਿਸ਼ਾਲ ਆਤਮ-ਤਰੰਗੀ ਤਰਾਨਾ ਹੈ। ਯਥਾ ਗੁਰਵਾਕ :–

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸੰਬਾਇ ॥
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ ॥੧॥ (੧੬)

[ਗੂਜਰੀ ਕੀ ਵਾਰ, ਸਲੋਕ ਮ: ੩, ਪੰਨਾ ੫੧੪-੧੫

"ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ" ਵਾਲੀ ਪੰਗਤੀ ਸਾਫ਼ ਇਕੋ ਗੁਰਮਤਿ ਨਾਮ ਦਾ ਅਰਾਧਣਾ ਸਹੀ ਕਰਦੀ ਹੈ ਅਤੇ ਸਹੀ ਅਰਥ ਰਖਦੀ ਹੈ। 'ਕਿਸੇ ਇਕ ਨਾਮ' ਦੀ ਜਪਣ ਦੀ ਖੁਲ੍ਹ ਦਾ ਵਿਧਾਨ ਗੁਰਮਤਿ ਅੰਦਰ ਉੱਕਾ ਹੀ ਨਹੀਂ। ਇਹ ਇਹਨਾਂ ਤੋਂ ਅਗਲੇਰੇ ਸਲੋਕ ਦੀਆਂ ਤੁਕਾਂ ਦਸਦੀਆਂ ਹਨ ਕਿ ਗੁਰਮਤਿ ਨਾਮ ਕੇਵਲ ਖ਼ਾਸ ਖ਼ਾਸ ਸਮਿਆਂ ਤੇ ਉਪੰਨੇ ਖ਼ਿਆਲਾਂ ਦੀਆਂ ਸ਼ੁਕਰ-ਗੁਜ਼ਾਰੀਆਂ ਦੇ ਛਿਨ ਭੰਗਤੀ ਅਨੁਮਾਨ ਹੀ ਨਹੀਂ, ਸਗੋਂ ਸਦੀਵੀ ਸਾਸ ਗਰਾਸੀ ਜਾਪ ਅਭਿਆਸ ਦਾ ਤਤ ਗਿਆਨ ਹੈ। ਯਥਾ ਗੁਰਵਾਕ–

ਵਾਹੁ ਵਾਹੁ ਗੁਰਮੁਖਿ ਸਦਾ ਕਰਹਿ ਮਨਮੁਖਿ ਮਰਹਿ ਬਿਖੁ ਖਾਇ ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥
ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥ ੨ ॥

[ਗੂਜਰੀ ਕੀ ਵਾਰ, ਮ: ੩, ਪੰਨਾ ੫੧੫



www.AKJ.Org

ਇਹ ਗੁਰਵਾਕ ਗੁਰਮਤਿ ਨਾਮ ਦੁਆਰੇ ਕੇਵਲ ਅਲਪੀ ਕਲਪੀ ਸ਼ੁਕਰਾਨਾ ਹੀ ਨਹੀਂ ਦ੍ਰਿੜ੍ਹਾਉਂਦੇ, ਸਗੋਂ ਸਦੀਵ-ਕਾਲੀ ਛਿਨ ਛਿਨ ਸੁਆਸ-ਸਮ੍ਹਾਲੀ ਅੰਮ੍ਰਿਤ-ਤ੍ਰਿਪਤਾਨਾ ਭੀ ਬੁਝਾਉਂਦੇ ਹਨ, ਅਰਥਾਤ ਨਾਮ ਅਭਿਆਸ ਕੇਵਲ ਸਰੀਰਕ ਲੋੜਾਂ ਦੀ ਪੂਰਤੀ ਦੇ ਸ਼ੁਕਰਾਨੇ ਵਜੋਂ ਹੀ ਨਹੀਂ ਕੀਤਾ ਜਾਂਦਾ ਹੈ । ਗੁਰਮੁਖਾਂ ਦਾ ਛਿਨ ਛਿਨ ਨਾਮ ਜਪਣਾ ਸੁਆਸ ਸੁਆਸ ਅੰਮ੍ਰਿਤ ਗਟਾਕਾਂ ਦਾ ਭੁੰਚਣਾ ਹੈ ।...ਗੁਰਮੁਖ ਸਚਿਆਰ ਸਿਖ ਵਾਹੁ ਵਾਹੁ ਰੂਪੀ ਸਿਫਤਿ ਸਲਾਹ ਦੀ ਲਿਵਤਾਰ ਜੋੜ ਕੇ ਦਮ-ਬਦਮ ਅੰਮ੍ਰਿਤ ਛਾਂਦੇ ਹੀ ਭੁੰਚਦੇ ਹਨ । ਤਾਂਤੇ ਨਾਮ ਜਪਣਾ ਕੇਵਲ ਖ਼ਿਆਲੀ ਸ਼ੁਕਰ-ਗੁਜ਼ਾਰੀ ਮਾਤਰ ਹੀ ਨਹੀਂ, ਨਾਮ ਜਪਣ ਦਾ ਅਰਥ ਨਿਰੀ ਫ਼ਸਲ-ਬਟੋਰੀ ਸ਼ੁਕਰ-ਗੁਜ਼ਾਰੀ ਕਰਨ ਦੇ ਹੀ ਨਹੀਂ, ਸਗੋਂ ਸੁਆਸ ਸੁਆਸ ਅੰਮ੍ਰਿਤ ਪੀਣ ਦੇ ਅਤੇ ਛਿਨ ਛਿਨ ਆਤਮ-ਜੀਵਣ ਜੀਣ ਦੇ ਹਨ । ਉਹਨਾਂ ਲੋਕਾਂ ਦੀ ਕੈਸੀ ਗ਼ਲਤ ਖ਼ਿਆਲੀ ਹੈ ਜੋ ਨਾਮ ਜਪਣ ਨੂੰ ਕੇਵਲ ਮਕੈਨੀਕਲ ਰੈਪੀਟੀਸ਼ਨ ਹੀ ਦਸਦੇ ਹਨ ।

ਦੇਖੋ ਅਗਲੇਰੇ ਗੁਰਵਾਕ, ਜੋ ਦਸਦੇ ਹਨ ਕਿ ਨਾਮ ਦੀ ਬਰਕਤ ਨਾਲ ਕੀ ਕੀ ਗੁੰਝਲਾਂ ਖੁਲ੍ਹਦੀਆਂ ਹਨ :–

ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥

ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ...॥੪॥ ਪੰਨਾ ੧੩੦੮

ਇਹ ਨਾਮ ਦੀ ਮਕੈਨੀਕਲ ਰੈਪੀਟੀਸ਼ਨ (ਮੁੜ ਮੁੜ, ਬਾਰ ਬਾਰ ਨਾਮ ਜਪਣ)ਦਾ ਸੁਆਦ ਹੈ, ਪਰ ਗੁਰਵਾਕਾਂ ਦੀ ਸੱਟ ਕਉਣ ਸਹੇ, ਤੇ ਕੌਣ ਗੁਰਵਾਕਾਂ ਦੀ ਸਚਾਈ ਨੂੰ ਪਰਖੇ ਤੋਲੇ ।...

ਖਿਨ ਖਿਨ ਨਾਮ ਦੀ ਸਿਫਤ ਸਲਾਹ, ਅਰਥਾਤ ਨਾਮ ਦਾ ਜਪਣਾ, ਅਕਾਲ ਪੁਰਖ ਵਾਹਿਗੁਰੂ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ ਹੈ ਤੇ ਖਿਨ ਖਿਨ ਹਾਜ਼ਰਾ ਹਜ਼ੂਰੀ ਹੈ । ਨਾਮ ਦੇ ਬਾਰ ਬਾਰ ਜਪਣ, ਮਕੈਨੀਕਲ ਰੈਪੀਟੀਸ਼ਨ ਦੁਆਰਾ ਹੀ ਰਟਨ ਕਰਦਿਆਂ, ਨਾਮ ਦੀ ਪਾਰਸ-ਰਸਾਇਣੀ-ਰਗੜ ਦੁਆਰਾ ਚੁੰਬਕ ਪ੍ਰਕਾਸ਼ ਪਰਜੁਅਲਤ ਹੁੰਦਾ ਹੈ । ਪ੍ਰੇਮ, ਸਰਧਾ-ਭਾਵਨੀ ਨਾਲ ਇਸ ਤਰ੍ਹਾਂ ਰਟਨ ਰੈਪੀਟੀਸ਼ਨ ਕਰਕੇ ਦੇਖਣ, ਫੇਰ ਪਤਾ ਲਗਸੀ ਕਿ ਏਸ ਨਿਰੀ ਮਕੈਨੀਕਲ ਰੈਪੀਟੀਸ਼ਨ ਦੀ ਕੀ ਕਰਾਮਾਤ ਹੈ । ਪਹਿਲਾਂ ਸਤਿਗੁਰੂ ਦੇ ਏਸ ਨਾਮ ਉਤੇ ਗੁਰਸਿਖਾਂ, ਸ਼ਰਧਾਲੂਆਂ ਵਾਲੀ ਸ਼ਰਧਾ ਲਿਆਉਣ ਦੀ ਲੋੜ ਹੈ, ਫੇਰ ਨਾਮ ਦੇ ਪਾਤਰ ਬਣਨ ਤੇ ਨਾਮ ਨੂੰ ਪ੍ਰਾਪਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕਣ ਦੀ ਲੋੜ ਹੈ । ਇਸ ਤਰ੍ਹਾਂ ਖ਼ਾਲਸਾ ਸਜ ਕੇ, ਨਾਮ ਪ੍ਰਾਪਤ ਕਰ ਕੇ ਨਾਮ ਜਪਣ ਦੀ ਅਤੁਟ ਕਮਾਈ ਕਰਨ । ਇਸ ਤਰ੍ਹਾਂ ਮਕੈਨੀਕਲ ਰੈਪੀਟੀਸ਼ਨ ਦੀ ਕਮਾਈ ਦਾ ਫੇਰ ਸਿੱਟਾ ਦੇਖਣ ਕਿ ਕੀ ਰੰਗ ਖਿੜਦੇ ਹਨ ! ਐਵੇਂ ਗੱਲਾਂ ਨਾਲ ਗਿਆਨ ਘੋਟਿਆਂ ਕੀ ਬਣਦਾ ਹੈ ? ਗੁਰੂ ਸਾਹਿਬ ਫ਼ੁਰਮਾਉਂਦੇ ਹਨ :–

ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥

ਗੁਰਮਤੀ ਨਾਮੁ ਸਾਲਾਹੀਐ ਦੂਜਾ ਅਵਰੁ ਨ ਕੋਇ ॥੧॥ਰਹਾਉ ॥੩੦॥੬੩॥ [ਸਿਰੀ ਰਾਗੁ ਮ: ੩, ਪੰਨਾ ੩੮

ਸ਼ੁਕਰ-ਗੁਜ਼ਾਰੀ ਕਰਨੀ ਕਿਹੜੀ ਸੁਖਾਲੀ ਹੈ । ਇਹ ਸ਼ੁਕਰ-ਗੁਜ਼ਾਰੀ (ਤੱਤ ਸ਼ੁਕਰ-ਗੁਜ਼ਾਰੀ) ਗੁਰੂ ਦੁਆਰਿਓਂ, ਗੁਰਮਤਿ ਦੁਆਰਾ ਹੀ ਸਿਖਾਈ ਸਿਖਲਾਈ ਜਾਂਦੀ ਹੈ । ਉਪਰਲੇ ਗੁਰਵਾਕ ਅੰਦਰ 'ਗੁਰਮਤੀ ਨਾਮੁ ਸਾਲਾਹੀਐ' ਦੀ ਫ਼ੋਰਸ (ਜ਼ੋਰ-ਸ਼ਕਤੀ) ਨੂੰ ਦੇਖੋ । ਫੇਰ ਅਗਲੀ ਪੰਗਤੀ ਦਸਦੀ ਹੈ ਕਿ ਗੁਰਮਤਿ ਨਾਮ ਦਾ ਜਪਣਾ ਸਾਲਾਹੁਣਾ ਹੀ ਫਲਦਾਇਕ ਹੈ, ਇਹ ਨਹੀਂ ਕਿ ਸਤਿਨਾਮ ਗੁਰਮੰਤਰ ਤੋਂ ਵਖਰਾ ਕੋਈ ਨਾਮ ਹੀ ਸਾਲਾਹਿਆ ਜਾਵੇ । ਬਸ 'ਦੂਜਾ ਅਵਰੁ ਨ ਕੋਇ ॥'' ਅਰਥਾਤ ਗੁਰਮਤਿ ਨਾਮ ਤੋਂ ਵਖਰਾ ਦੂਸਰਾ ਹੋਰ ਕੋਈ ਨਾਮ ਨਹੀਂ । ਕੇਵਲ, ਏਸ ਗੁਰਮਤਿ ਨਾਮ ਦੀ ਸਿਫਤ ਸਲਾਹ ਦੀ ਅਤੁਟ ਕਮਾਈ ਤੇ ਅਨਿੰਨ ਸ਼ਰਧਾ ਭਾਵਨੀ ਦੁਆਰਾ ਹੀ ਨਾਮ ਦੇ ਰੰਗਾਂ ਵਿਚ ਰਤੇ ਜਾ ਸਕੀਦਾ ਹੈ । ਤੇ ਨਾਮ ਦੀ ਰਗੜ ਦੁਆਰਾ ਹੀ ਪਰਜੁਅਲਤ ਹੋਏ ਆਤਮ-ਪ੍ਰਕਾਸ਼ ਦੁਆਰਾ ਹੀ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ ।...

ਇਹ ਗੁਰਮਤਿ ਨਾਮ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਤੇ ਉਸ ਦੀ ਕਿਰਪਾ ਨਾਲ ਹੀ ਮਨ ਵਿਚ ਵੱਸਦਾ ਹੈ । ਵੈਸੇ ਆਪਮੁਹਾਰਾ ਨਾਮ ਮੂੰਹੋਂ ਆਖਿਆ ਪਰਵਾਣ ਨਹੀਂ । ਗੁਰਮਤਿ ਬਿਧੀ ਅਨੁਸਾਰ ਪ੍ਰਾਪਤ



www.AKJ.Org

ਹੋਇਆ ਨਾਮ ਹੀ ਖੰਡੇ ਦਾ ਅੰਮ੍ਰਿਤ ਛਕ ਕੇ ਜਪਿਆ ਫਲੀਭੂਤ ਹੋ ਸਕਦਾ ਹੈ। ਜਿਹਾ ਕਿ ਗੁਰਵਾਕ ਹੈ–

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ (ਪੰਨਾ ੪੯੧)

ਏਸ ਤਰ੍ਹਾਂ ਬਿਧੀ ਪੂਰਬਕ ਪ੍ਰਾਪਤ ਹੋਏ ਨਾਮ-ਜਾਪ ਦਾ ਆਟੋਮੈਟਿਕ (ਆਪ-ਮੁਹਾਰਾ) ਤੋਰਾ ਤੁਰ ਸਕਦਾ ਹੈ। ਨਾਮ ਦੀ ਰਸਕ ਜੋਤਿ ਪ੍ਰਜੁਲਤ ਹੋਣ ਤਕ ਸਿਲ ਅਲੂਣੀ ਚਟਣੀ ਲਗਦੀ ਹੈ। ਜਦੋਂ ਨਾਮ ਮਨ ਵਿਚ ਵਸ ਗਿਆ, ਤਦ ਸੁਰਤੀ ਬਿਰਤੀ ਰਸ-ਲੀਨ ਹੋਣ ਕਾਰਨ ਇਹ ਰਸ ਛਡਿਆ ਨਹੀਂ ਜਾਂਦਾ।

## ਅਠ–ਪਹਿਰੀ ਕੁੰਜੀ–

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ-ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡੂਲਮ, ਪੰਚ-ਦੂਤ-ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫਤਾਰ ਵਿਚ ਚਲਦਾ ਰਹਿੰਦਾ ਹੈ।

ਇਹ ਗੁਰਮੰਤਰ "ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ"* ਦੇ ਗੁਰਵਾਕ ਅਨੁਸਾਰ ਅਕਾਲ ਪੁਰਖ ਦਾ ਆਪਣੇ ਆਪ ਰਚਿਆ ਹੋਇਆ ਨਾਉਂ ਸਤਿਨਾਮ ਹੈ, ਹੋਰ ਸਾਰੇ ਨਾਉਂ ਅਸਤਿ ਤੇ ਕ੍ਰਿਤਮ ਨਾਮ ਹਨ। ਏਸ ਗੁਰਮਤਿ ਗੁਰਮੰਤਰ 'ਵਾਹਿਗੁਰੂ' ਦੇ ਵਿਧੀ ਪੂਰਬਕ ਅਭਿਆਸ ਦੁਆਰਾ ਜੋਤਿ ਪ੍ਰਕਾਸ਼ਕ ਵਿਸਮਾਦੀ ਅਨੰਦ ਰੰਗ ਬਝਦੇ ਹਨ। ਨਾਮ ਅਭਿਆਸ ਦਾ ਹੱਦ-ਬੰਨਾ ਕੋਈ ਨਹੀਂ, ਨਾਮ ਪਰਮ ਤੇ ਅਗਾਧ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ; ਤੇ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ–

"ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥"† ਵਾਲੇ ਦਿਬ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ–

"ਅਦਿਸਟਿ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥"‡ ਵਾਲੀ ਜੀਵਨ ਮੁਕਤਿ ਜੋਤੀ ਜੋਤਿ ਸਮਾਏ ਰਹਿਣ, ਸਦਾ ਸਮਾਏ ਰਹਿਣ ਵਾਲਾ ਉਚ ਮੇਅਰਾਜ ਪ੍ਰਾਪਤ ਹੁੰਦਾ ਹੈ।... ਨਾਮ ਦੀ ਅਗਾਧ ਕਲਾ ਹੈ, ਜਿਸ ਦੇ ਤੁਫ਼ੈਲ ਅਕਾਲ ਪੁਰਖ ਦੇ ਪਰਤੱਖ ਦਰਸ਼ਨ, ਦਸਮ ਦੁਆਰ ਦਾ ਉਘਾੜ ਤੇ ਸਚਖੰਡ ਦਾ ਨਿਵਾਸ ਪ੍ਰਾਪਤ ਹੁੰਦਾ ਹੈ।

ਸਾਰ-ਸਿੱਟਾ ਇਹ ਹੈ ਕਿ ਅਸਲੀ ਕਲਿਆਣਕਾਰੀ ਮੰਤਰਾਂ ਸਿਰ ਮੰਤਰ 'ਵਾਹਿਗੁਰੂ' ਗੁਰਮੰਤਰ ਹੈ, ਜੋ ਬੇਦ ਕਤੇਬਾਂ ਤੋਂ ਅਗੋਚਰਾ ਅਕਾਲ ਪੁਰਖ ਦਾ ਆਪ ਸੰਕੇਤਿਆ ਨਾਮ ਹੈ; ਜਿਹਾ ਕਿ :–

'ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਇਆ ॥' [ਵਾਰ ੧੨, ਪਉੜੀ ੧੭

ਏਸ ਗੁਰਮੰਤਰ ਨੂੰ ਜਪਣ ਦੀ ਭਾਈ ਗੁਰਦਾਸ ਜੀ ਹਦਾਇਤ ਕਰਦੇ ਹਨ–

'ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ ॥' [ਵਾਰ ੯, ਪਉੜੀ ੧੩
'ਵਾਹਿਗੂਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚੁਬੋਲਾ।' [ਵਾਰ ੪, ਪਉੜੀ ੧

ਇਸ ਗੁਰਮੰਤਰ ਨੂੰ ਬਾਰ ਬਾਰ ਜਪਣ ਦੀ ਹਦਾਇਤ ਗੁਰਬਾਣੀ ਵਿਚ ਥਾਂ ਥਾਂ ਮਿਲਦੀ ਹੈ :–

ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥...੬॥ ਪੰਨਾ ੧੭

ਸੋ ਨਾਮ ਦਾ ਬਾਰ ਬਾਂਰ ਜਪਣਾ ਨਿਰੀ ਮਕੈਨੀਕਲ ਰੈਪੀਟੀਸ਼ਟਨ (ਮੁੜ ਮੁੜ ਇਕ ਸ਼ਬਦ ਨੂੰ ਆਮੁਹਾਰਾ ਕਹੀ ਜਾਣ ਵਾਲੀ ਫੋਕੀ ਕਾਰ) ਨਹੀਂ, ਸਗੋਂ ਨਾਮ-ਰਸ ਲੀਨ ਕਰਾਉਣ ਵਾਲੀ ਤੇ ਕਪਾਟ ਖੋਲ੍ਹਣ ਵਾਲੀ ਸਚੀ ਕਾਰ ਹੈ। ਗੁਰਮਤਿ ਨਾਮ ਅਰਥਾਤ ਵਾਹਿਗੁਰੂ ਦਾ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ, ਰਸਨਾ (ਜੀਭ) ਦੁਆਰਾ ਅਥਵਾ ਸੁਆਸਾਂ ਤੇ ਸੁਰਤੀ ਦੁਆਰਾ। ['ਵਾਹਿਗੁਰੂ ਸਿਮਰਨ' ਟਰੈਕਟ ਵਿਚੋਂ

---

* ਆਸਾ ਕੀ ਵਾਰ, ਪਉੜੀ ੧, ਪੰਨਾ ੪੬੩ † ਰਾਮਕਲੀ ਮ: ੩, ਅੰਕ ੨੪, ਪੰਨਾ ੯੧੦
‡ ਰਾਮਕਲੀ ਮ: ੩, ਅੰਕ ੨੫, ਪੰਨਾ ੯੧੦



www.AKJ.Org

# ਸੁਖਮਨੀ ਵਿਚ ਸਿਮਰਨ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸ੍ਰੀ ਫ਼ਾਜ਼ਿਲ ਕਸ਼ਮੀਰੀ ਧਰਮ ਵਿਚ ਡੂੰਘੀ ਆਸਥਾ ਰਖਣ ਵਾਲੇ ਤੇ ਧਰਮ-ਗ੍ਰੰਥਾਂ ਦਾ ਡੂੰਘਾ ਅੱਧਿਐਨ ਕਰਨ ਵਾਲੇ ਵਿਦਵਾਨ ਲੇਖਕ ਤੇ ਕਵੀ ਹਨ। ਆਪ ਨੇ ਅੰਮ੍ਰਿਤ-ਬਾਣੀ ਸੁਖਮਨੀ ਸਾਹਿਬ ਦਾ ਉਰਦੂ ਵਾਰਤਕ ਤੇ ਕਸ਼ਮੀਰੀ ਨਜ਼ਮ ਵਿਚ ਤਰਜਮਾ ੧੪ ਸਾਲ ਘਾਲਣਾ ਘਾਲ ਕੇ ਕੀਤਾ ਹੈ। ਸਾਰੀ ਪੁਸਤਕ ਦੀ ਆਪਣੇ ਹੱਥੀਂ ਕਿਤਾਬਤ ਕਰ ਕੇ ਅਤੇ ਸੁੰਦਰ ਬਾਡਰ ਤੇ ਵੇਲਾਂ ਬਣਾ ਕੇ, ਆਪਣੇ ਉਦਮ ਨਾਲ ਛਪਵਾਇਆ ਹੈ। ਇਹ ਟੀਕਾ ਆਪ ਦੀ ਸ਼ਰਧਾ ਤੇ ਨਿਰੰਤਰ ਸੇਵਾ ਦਾ ਸੁੰਦਰ ਨਮੂਨਾ ਹੈ। ਇਸ ਸੇਵਾ ਬਦਲੇ ਆਪ ਨੂੰ ਸਨਮਾਨਤ ਕਰਨ ਲਈ 'ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ' ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ੧੪ ਦਸੰਬਰ ੧੯੮੬ ਨੂੰ ਸਨਮਾਨ-ਸਮਾਗਮ ਕੀਤਾ ਗਿਆ। ਉਸ ਸਮੇਂ ਪੜ੍ਹੇ ਗਏ ਲੇਖਾਂ ਵਿਚੋਂ ਇਕ ਲੇਖ ਤਲਵਾੜਾ ਜੀ ਦਾ ਹੈ, ਜੋ ਪਾਠਕਾਂ ਦੀ ਭੇਟ ਹੈ। —ਸੰਪਾਦਕ

ਸੁਖਮਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਉੜੀ ਰਾਗ ਵਿਚ ਪੰਜਵੇਂ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਰਚਨਾ ਹੈ। 'ਸੁਖਮਨੀ' ਸ਼ਬਦ ਦੇ ਅਰਥ ਵਖ ਵਖ ਵਿਦਵਾਨਾਂ ਵੱਲੋਂ ਇਸ ਪ੍ਰਕਾਰ ਕੀਤੇ ਮਿਲਦੇ ਹਨ :—

ਸੁਖਮਨੀ=(i) ਸੁਖਾਂ ਦੀ ਮਨੀ (ਮਣੀ)। (ii) ਮਨ ਨੂੰ ਸੁਖ ਦੇਣ ਵਾਲੀ ਬਾਣੀ।

(iii) ਸੁਖਮਨਾ ਨਾੜੀ ਦੇ ਮੁਢ ਵਿਚ ਇਸਥਿਤ, ਕੁੰਡਲਿਨੀ (ਨਾੜੀ) ਨੂੰ ਸੁਲਝਾਅ ਦੇਣ ਵਾਲੀ ਬਾਣੀ।

ਨੋਟ:—(ੳ) ਮਹਲੇ ੪ ਦੀਆਂ ਬਿਲਾਵਲ, ਨਟ, ਕਾਨੜਾ ਅਤੇ ਕਲਿਆਨ ਰਾਗ ਦੀਆਂ ਕੁਲ ੨੪ ਅਸਟਪਦੀਆਂ ਦੇ ਸੰਗ੍ਰਹਿ ਦੀ ਸੰਗਿਆ ਵੀ 'ਸੁਖਮਨਾ' ਸਾਹਿਬ ਹੈ।

(ਅ) ਦਸਮ ਗ੍ਰੰਥ ਦੀ ਖ਼ਾਸ ਬੀੜ ਵਿਚ 'ਸੰਸਾਹਰ ਸੁਖਮਨਾ' ਨਾਮ ਦੀ ਇਕ ਬਾਣੀ ਦਰਜ ਹੈ।

ਉਪਰੋਕਤ ਸਾਰੇ ਅਰਥਾਂ ਦਾ ਤਾਤ-ਪਰਜ ਇਕੋ ਹੀ ਹੈ ਕਿ 'ਸੁਖਮਨੀ' ਸਰਬ ਪ੍ਰਕਾਰੀ ਸੁਖਾਂ ਦੀ ਖਾਣ ਹੈ। ਸਿਰਲੇਖ ਤੋਂ ਇਲਾਵਾ 'ਸੁਖਮਨੀ' ਪਦ ਇਸ ਬਾਣੀ ਵਿਚ ਤਿੰਨ ਵਾਰੀ ਆਇਆ ਹੈ :—

(i) ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ (ਰਹਾਉ॥੧)

(ii) ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥ (੫॥੨੪)

(iii) ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣਿ ਨਾਮੁ ਸੁਖਮਨੀ ॥ (੮॥੨੪)

ਉਪਰ ਵਰਣਿਤ ਤਿੰਨਾਂ ਹੀ ਹਵਾਲਿਆਂ ਤੋਂ ਵਿਦਤ ਹੈ ਕਿ 'ਸੁਖਮਨੀ' ਅਕਾਲ ਪੁਰਖ ਦੇ ਸੁਖਦਾਇਕ ਨਾਮ ਦੀ ਦ੍ਰਿੜ੍ਹਾਇਕ ਹੈ, ਜਿਸ ਦੇ ਸਿਮਰਨ ਨਾਲ ਮਨ ਨੂੰ ਅਨੰਤ ਹਰਖ ਅਤੇ ਸੁਖ ਮਿਲਦਾ ਹੈ।

ਸੁਖਮਨੀ ਦੀ ਪਹਿਲੀ ਅਸ਼ਟਪਦੀ ਦਾ ਆਰੰਭ ਹੀ 'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ' ਤੁਕ ਤੋਂ ਹੁੰਦਾ ਹੈ ਤੇ ਇਹ ਸਮੱਗਰ ਬਾਣੀ ਨਾਮ-ਧੁਰੇ ਦੇ ਆਲੇ ਦੁਆਲੇ ਹੀ ਘੁੰਮਦੀ ਹੈ।

ਜਿਸ ਪਰਮ-ਹਸਤੀ ਦੇ ਸਿਮਰਨ ਕਰਨ ਦੀ 'ਸੁਖਮਨੀ' ਵਿਚ ਹਦਾਇਤ ਕੀਤੀ ਗਈ ਹੈ, ਉਸ ਦੇ ਸਰੂਪ ਅਤੇ ਗੁਣਾਂ ਦਾ ਗਿਆਨ ਵੀ ਅੰਦਰ ਹੀ ਦਿਤਾ ਹੋਇਆ ਹੈ :—

(i) ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥ (ਸਲੋਕ—੧੭)

(ii) ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥[ਸ:—੨੧

(iii) ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥ (੫॥੨੩)

ਵਿਸ਼ਵ ਸੰਸਾਰ ਅਥਵਾ ਦ੍ਰਿਸ਼ਟਮਾਨ ਸਾਰੀ ਪਰਕਿਰਤੀ ਪਾਰਬ੍ਰਹਮ ਪਰਮੇਸ਼ਰ ਦੀ ਰਚਨਾ ਹੈ। ਇਹ ਰਚਨਾ ਅਤੀ ਮਨਮੋਹਣੀ ਹੈ, ਕਿਉਂ ਜੁ ਕਰਤਾ ਪੁਰਖ ਨੇ ਇਸ ਵਿਚ ਆਪਣੀ ਸੱਤਾ[1] ਟਿਕਾਈ ਹੋਈ ਹੈ। ਇਹ ਪਰਕਿਰਤੀ

1. ਰਚਿ ਰਚਨਾ ਅਪਨੀ ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥ (੮॥੧੮)



www.AKJ.Org

ਨਿਰਗੁਣ ਪਾਰਬ੍ਰਹਮ ਦਾ ਸਰਗੁਣ ਸਰੂਪ ਹੈ, ਜਿਸ ਵਿਚੋਂ ਕਰਤਾ ਪੁਰਖ ਲਿਸ਼ਕਾਂ ਮਾਰਦਾ ਹੈ। ਮਨੁਖੀ ਮਨ ਦੀ ਕਸ਼ਸ਼ ਦੇ ਦੋ ਹੀ ਸ੍ਰੋਤ ਹਨ, ਪਹਿਲਾ ਸੁੰਦਰਾਵਲਾ ਪਾਰਬ੍ਰਹਮ, ਜੋ ਅਦ੍ਰਿਸ਼ਟ ਹੈ ਅਤੇ ਦੂਜਾ ਦ੍ਰਿਸ਼ਟਮਾਨ ਪਰਕਿਰਤੀ ਅਥਵਾ ਮਾਇਆ। ਕਰਤਾ ਅਬਿਨਾਸ਼ੀ[2] ਹੈ, ਮਾਇਆ ਨਾਸ਼ਮਾਨ।

ਇਸ ਅਨੁਸਾਰ ਜੀਵਨ ਵਿਚ ਦੋ ਹੀ ਰਾਹ ਹਨ: ਇਕ 'ਲਿਵ'[3] ਦਾ ਅਤੇ ਦੂਜਾ 'ਧਾਤੁ' ਦਾ। ਇਹ ਦੋਵੇਂ ਰਾਹ ਕਰਤਾ ਪੁਰਖ ਦੀ ਰਜ਼ਾ[4] ਵਿਚ ਸਿਰਜੇ ਗਏ ਹਨ। ਧੁਰੋਂ ਲਿਖੇ 'ਕਿਰਤੁ ਕਰਮ[5] ਅਨੁਸਾਰ ਕੋਈ ਜੀਵ 'ਲਿਵ' ਦੇ ਰਾਹ ਦਾ ਪਾਂਧੀ ਬਣਦਾ ਹੈ, ਕੋਈ 'ਧਾਤੁ' ਦੇ ਰਾਹ ਦਾ। ਇਹਨਾਂ ਦੋਹਾਂ ਰਾਹਾਂ ਦੇ ਪਾਂਧੀਆਂ ਦਾ ਸ਼ਬਦੀ-ਚਿਤਰ ਸੁਖਮਨੀ ਸਾਹਿਬ ਵਿਚ ਚਿਤਰਿਆ ਮਿਲਦਾ ਹੈ।

## ਲਿਵ ਦਾ ਰਾਹ–

'ਲਿਵ' ਦਾ ਰਾਹ ਅਥਵਾ ਗੁਰਮਤਿ ਗਾਡੀ ਰਾਹ ਆਪਣੇ ਅਸਲੇ, ਭਾਵ, ਅਦ੍ਰਿਸ਼ਟ ਪਾਰਬ੍ਰਹਮ ਨਾਲ ਸੰਬੰਧ ਜੋੜਨਾ ਹੈ। ਇਹ ਸੰਬੰਧ ਅੰਤਰ-ਆਤਮੇ ਜੁੜਦਾ ਹੈ, ਇਸ ਲਈ ਇਸ ਰਾਹ ਦੇ ਪਾਂਧੀ ਨੂੰ ਅੰਤਰਮੁਖੀ ਹੋਣਾ ਪੈਂਦਾ ਹੈ। ਇਸ ਮੰਤਵ ਲਈ ਪ੍ਰਮੁਖ ਸਾਧਨ ਨਾਮ-ਸਿਮਰਨ ਹੈ। ਸਿਮਰਨ ਦਾ ਅੱਖਰੀ ਅਰਥ ਹੈ "ਆਪਣੇ ਇਸ਼ਟ ਦੇ ਨਾਮ ਅਥਵਾ ਉਸਦੇ ਗੁਣਾਂ ਦਾ ਮਨ ਬ੍ਰਿਤੀ ਇਕਾਗਰ ਕਰਕੇ ਚਿੰਤਨ ਕਰਨਾ।" ਸੋ ਸਿਮਰਨ ਕਰਨਾ, ਭਜਨ ਕਰਨਾ, ਜਾਪ ਜਪਣਾ, ਨਾਮ ਧਿਆਉਣਾ, ਪਰਜਾਯ-ਵਾਚੀ ਸ਼ਬਦ ਹਨ।

ਨਾਮ ਸਿਮਰਨ ਦੇ ਤੁਫ਼ੈਲ ਮਨੁਖ ਦਾ ਅਮੋੜ ਮਨ ਵਸ[6] ਵਿਚ ਆ ਜਾਂਦਾ ਹੈ। ਨਿਰਮਲ ਮਨ ਅੰਦਰ ਸਤ, ਸੰਤੋਖ, ਦਇਆ, ਧਰਮ, ਧੀਰਜ, ਮਿੱਠਤ, ਨਿਮ੍ਰਤਾ, ਸਹਨ-ਸ਼ੀਲਤਾ ਆਦਿ ਦੈਵੀ ਗੁਣ ਸਹਜੇ ਹੀ ਉਤਪੰਨ ਹੋ ਜਾਂਦੇ ਹਨ, ਜਿਸ ਦੇ ਤੁਫ਼ੈਲ ਮਨੁਖ ਦੀ ਸਮੁੱਚੀ ਸ਼ਖਸੀਅਤ ਰਸੀਲੀ ਹੋ ਜਾਂਦੀ ਹੈ ਅਤੇ ਜੀਵਨ-ਚਾਲ ਸਾਵੀਂ, ਪਧਰੀ ਅਤੇ ਨਿਰਮਲ ਹੋ[6] ਜਾਂਦੀ ਹੈ।

ਨਾਮ 'ਪਾਰਜਾਤ'[7] ਹੈ, 'ਕਾਮਧੇਨ' ਹੈ। ਜਿਸ ਦੇ ਹਿਰਦੇ ਵਿਚ ਨਾਮ ਸਿਮਰਨ ਆ ਵਸੇ, [8]ਰਿਧੀਆਂ, ਸਿਧੀਆਂ, ਨਿਧੀਆਂ ਉਸਦੀ ਪਰਕਰਮਾ ਕਰਦੀਆਂ ਹਨ। ਨਾਮ ਸਿਮਰਨ ਦਾ ਅਮੋਲਕ ਖ਼ਜ਼ਾਨਾ, ਜਿਸ ਵਡਭਾਗੇ ਮਨੁਖ ਦੇ ਹੱਥ ਚੜ੍ਹ ਜਾਏ ਉਸਦੀਆਂ ਸਾਰੀਆਂ ਭੁੱਖਾਂ ਮਿਟ ਜਾਂਦੀਆਂ ਹਨ ਅਤੇ ਪੂਰਨ ਤ੍ਰਿਪਤੀ[9] ਹੋ ਆਂਵਦੀ ਹੈ।

ਨਾਮ-ਸਿਮਰਨ ਵਾਲੇ ਮਨੁਖ [10]ਧਨਵੰਤ, ਕੁਲਵੰਤ, ਪਤਵੰਤ, ਜੀਵਨ ਮੁਕਤ, ਪਰਵਾਨ, ਪਰਧਾਨ ਤੇ ਬੇ-ਮੁਹਤਾਜ ਕਰਕੇ ਸਤਿਕਾਰੇ ਜਾਂਦੇ ਹਨ। ਇਸ ਤਰ੍ਹਾਂ ਹਲਤ ਪਲਤ ਵਿਚ ਉਹਨਾਂ ਦੀ ਸ਼ੋਭਾ-ਸ਼ਕਤੀ ਵਿਚ ਵਾਧਾ

---

2. ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥ (੧॥੨੨)
3. ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥੨॥੧੨॥ (ਮ: ੩—੮੭)
4. ਦੁਹੂ ਪਾਖ ਕਾ ਆਪਹਿ ਧਨੀ ॥ (੮॥੨੧)
5. ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥ (੮॥੨੧)
6. ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥ (੬॥੧)
7. ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥ (੮॥੨)
8. ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ (੩॥੧)
9. ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥ (੬॥੨)
10. ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਪ੍ਰਭ ਕਉ ਸਿਮਰਹਿ ਸੇ ਪਤਵੰਤੇ ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ (੫॥੧)



www.AKJ.Org

ਹੁੰਦਾ ਹੈ । ਨਾਮ ਦੀ ਪਾਰਸ ਛੋਹ ਸਦਕਾ ਅਖੌਤੀ [1]ਨੀਚ-ਜਾਤ ਮਨੁਖ ਵੀ ਪਰਮ ਪੁਰਖ, ਸੰਤ, ਭਗਤ, ਸਾਧ, ਬ੍ਰਹਮ-ਗਿਆਨੀ ਆਦਿ ਹੋ ਨਿਬੜਦੇ ਹਨ । ਉਹਨਾਂ ਨੂੰ ਲੋਕ ਪ੍ਰਲੋਕ ਵਿਚ ਆਦਰ ਸਤਿਕਾਰ ਮਿਲਦਾ ਹੈ ।

ਹਰਿ ਸਿਮਰਨ ਦੀ ਬਰਕਤ ਨਾਲ ਮਨੁਖ ਕਰਤਾ ਪੁਰਖ ਦੇ [2]ਸੱਚ ਸਰੂਪ ਵਿਚ ਲੀਨ ਹੋ ਕੇ [3]ਅਟੱਲ ਅਮਰ ਪਦਵੀ ਨੂੰ ਪ੍ਰਾਪਤ ਹੋ ਜਾਂਦਾ ਹੈ। ਉਸਦਾ ਆ'ਵਾ ਗਵਨ ਦਾ ਚੱਕਰ ਮਿਟ ਜਾਂਦਾ ਹੈ ।

ਪਾਰਬ੍ਰਹਮ ਵਿਚ ਲੀਨਤਾ ਲਈ ਨਾਮ-ਸਿਮਰਨ ਹੀ ਸਰਬੋਤਮ ਅਤੇ ਸ੍ਰੇਸ਼ਟ[4] ਸਾਧਨ ਹੈ। ਮਨੁਖੀ ਸਰੀਰ ਦੇ ਕਰਮ ਅਤੇ ਗਿਆਨ-ਇੰਦਰਿਆਂ ਦਾ ਸਰਦਾਰ 'ਮਨ' ਨਾਮ-ਸਿਮਰਨ ਤੋਂ ਸਿਵਾ ਕਿਸੇ ਹੋਰ ਹੀਲੇ ਵਸੀਲੇ ਵਸ ਵਿਚ ਨਹੀਂ ਆਉਂਦਾ । ਨਾਮ-ਸਿਮਰਨ ਨਾਲ ਮਨ ਕੀਲਿਆ[5] ਜਾਂਦਾ ਹੈ । ਹੋਰ ਸਾਰੇ [6]ਕਰਮ-ਧਰਮ, ਪੁੰਨ-ਦਾਨ, ਜਪ-ਤਪ, ਵਰਤ-ਨੇਮ, ਸੰਜਮ ਆਦਿ ਸਾਧਨ ਨਾਮ ਦੇ ਮੁਕਾਬਲੇ ਤੁਛ ਹਨ । ਧਰਮ-ਰਾਜ ਦੀ ਦਰਗਾਹ ਵਿਚ ਇਹਨਾਂ ਫੋਕਟ[7] ਕਰਮਾਂ ਧਰਮਾਂ ਦਾ ਕਉਡੀ ਮੁਲ ਨਹੀਂ । ਸੱਚੀ ਦਰਗਾਹ ਵਿਚ ਪ੍ਰਵਾਣ ਚੜ੍ਹਨ ਲਈ ਨਾਮ-ਨੀਸ਼ਾਨ ਹੀ ਪਰਖ-ਵਟੀ ਹੈ । ਨਾਮੀ ਪੁਰਸ਼ ਮੂਹਰੇ ਧਰਮ-ਰਾਜ ਵੀ ਨਮਸ਼ਕਾਰ[8] ਕਰਦਾ ਹੈ ।

## ਧਾਤੁ' ਦਾ ਰਾਹ–

ਦੂਜੇ ਪਾਸੇ 'ਧਾਤੁ' ਦਾ ਰਾਹ ਹੈ ਦ੍ਰਿਸ਼ਟਮਾਨ ਪਰਕਿਰਤੀ ਅਥਵਾ ਮਾਇਆ ਨਾਲ ਸੰਬੰਧ ਜੋੜਨਾ। ਸ਼ਕਤੀ ਦੀ ਪੂਜਾ ਵਾਲਾ ਇਹ ਸ਼ਾਕਤ-ਪੰਥ ਹੈ । ਇਹ ਸੱਚ ਛਡ ਕੇ ਕੱਚ[9] ਵਿਹਾਝਣ ਵਾਲਾ ਪਾਗਲਪਨ ਹੈ, ਚੰਦਨ-ਲੇਪ ਛਡ ਕੇ ਖੇਹ[10] ਵਿਚ ਖਉਰੂ ਪਾਣ ਵਾਲਾ ਪਸ਼ੂਪੁਣਾ ਹੈ ।

'ਧਾਤੁ' ਅਥਵਾ ਮਾਇਆ ਦੀ ਪ੍ਰੀਤ ਤੋਂ ਤ੍ਰਿਸ਼ਨਾ ਉਪਜਦੀ ਹੈ । ਤ੍ਰਿਸ਼ਨਾ ਬੜੀ ਨਾ-ਮੁਰਾਦ ਬਲਾਅ ਹੈ । ਇਹ ਅਜਿਹੀ ਅਗਨੀ ਹੈ ਜੋ ਮਨੁਖ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ । ਮਨੁਖ ਨੇ ਸਦੀਆਂ ਤੋਂ ਤਜਰਬਾ ਕਰਕੇ ਦੇਖ ਲਿਆ ਹੈ ਕਿ ਮਾਇਕੀ ਪਦਾਰਥਾਂ ਦੀ ਪ੍ਰਾਪਤੀ ਨਾਲ ਤ੍ਰਿਸ਼ਨਾ-ਅਗਨੀ ਸ਼ਾਂਤ ਨਹੀਂ ਹੁੰਦੀ, ਸਗੋਂ ਵਧੇਰੇ ਭੜਕਦੀ[11] ਹੈ । ਛਿਨ ਭੰਗਰ ਮਾਇਕੀ ਪਦਾਰਥਾਂ ਦੀ ਪ੍ਰੀਤ ਵਿਚੋਂ ਅੰਤ ਨੂੰ ਨਿਰਾਸਤਾ ਅਤੇ

---

1. ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥
   ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥ (੮॥੧)
2. ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥
   ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥ (੮॥੧੧)
3. ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥ (੭॥੧)
4. ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮ ॥ (੮॥੩)
5. ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹਦਿਸਿ ਧਾਵਤ ਆਵੈ ਠਾਇ ॥ (੩॥੧੯)
6. ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
   ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥
   ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥
   ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥
   ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ (੧॥੧)
7. ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥ (੪॥੩)
8. ਸਾਧ ਸੰਗਿ ਧਰਮ ਰਾਇ ਕਰੇ ਸੇਵਾ ॥ ਸਾਧ ਕੈ ਸੰਗਿ ਸੋਭਾ ਸੁਰਦੇਵਾ ॥ (੫॥੭)
9. ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥ (੪॥੪)
10. ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥ (੪॥੪)
11. ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ (੫॥੧੨)



www.AKJ.Org

ਪਛਤਾਵਾ[1] ਹੀ ਪੱਲੇ ਪੈਂਦੇ ਹਨ ।

ਭਲਾ ਜੇ ਕਿਸੇ ਨੂੰ ਸਾਰੀ ਸ੍ਰਿਸ਼ਟੀ ਦਾ ਰਾਜ ਵੀ ਮਿਲ ਜਾਏ, ਫਿਰ ਵੀ ਉਸਦੀ ਤ੍ਰਿਪਤੀ ਤੇ ਸ਼ਾਂਤੀ ਨਹੀਂ ਹੁੰਦੀ, ਸਗੋਂ ਭਟਕਣਾ[2] ਅਤੇ ਬੇਚੈਨੀ ਬਣੀ ਰਹਿੰਦੀ ਹੈ ।

ਤ੍ਰਿਸ਼ਨਾ-ਗ੍ਰਸਤ ਮਨੁਖ ਹਲਕਾਇਆ ਫਿਰਦਾ ਹੈ ਅਤੇ ਇਸ ਬਰਲ ਅਧੀਨ ਵਡੇ ਤੋਂ ਵਡਾ ਪਾਪ ਕਰਨ ਤੋਂ ਸੰਕੋਚ ਨਹੀਂ ਕਰਦੀ ।

ਬੈਰ, ਬਿਰੋਧ, ਕਾਮ, ਕ੍ਰੋਧ, ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥ (੭॥੪)

ਇਹ ਸਾਰੇ ਵਿਕਾਰ, ਜੋ ਪਾਪਾਂ ਦਾ ਮੂਲ ਹਨ, ਤ੍ਰਿਸ਼ਨਾ ਦਾ ਹੀ ਟੱਬਰ ਕਬੀਲਾ ਹਨ ।

'ਧਾਤੁ' ਦਾ ਰਾਹ ਜਮ-ਮਾਰਗ ਹੈ, ਜੋ ਅਤਿ ਬਿਖੜਾ, ਭਿਆਨਕ ਅਤੇ ਦੁਖਦਾਈ ਹੈ । ਇਥੇ ਜਮ ਦੇ ਜਾਲ ਵਿਚ ਫਸਿਆ ਮਨੁਖ ਇਸ ਲੋਕ ਵਿਚ ਵੀ ਦੁਖੀ ਰਹਿੰਦਾ ਹੈ ਅਤੇ ਪ੍ਰਲੋਕ ਵਿਚ ਵੀ ਇਸ ਦੀ ਦੁਰਦਸ਼ਾ ਹੁੰਦੀ ਹੈ । ਦੁਹੀਂ ਜਹਾਨੀਂ ਕਸ਼ਟ ਅਤੇ ਨਮੋਸ਼ੀ ਹੀ ਪੱਲੇ ਪੈਂਦੀ ਹੈ । ਭਾਵੇਂ ਕੋਈ ਕਿੰਨਾ [3]ਸ਼ਕਤੀ-ਸ਼ਾਲੀ ਹੋਵੇ, ਇਸ ਜਮ-ਜਾਲ ਤੋਂ ਛੁਟਕਾਰਾ ਨਹੀਂ ਪਾ ਸਕਦਾ । [4]ਮਾਂ, ਪਿਓ, ਸਜਣ, ਸੈਣ, ਕੋਈ ਵੀ ਜਮ-ਜਾਲ ਤੋਂ ਛੁਡਾ ਨਹੀਂ ਸਕਦਾ । [5]ਲਖਾਂ ਕ੍ਰੋੜਾਂ ਜਤਨਾਂ ਨਾਲ ਵੀ ਜਮਾਂ ਦੀ ਧਾੜ ਨੂੰ ਬੰਨ੍ਹ ਨਹੀਂ ਪੈਂਦਾ ।

ਇਸ [6]ਮੁਸ਼ਕਲ ਤੋਂ ਛੁਟਕਾਰੇ ਦਾ ਸਾਧਨ ਕੇਵਲ ਇਹੀ ਹੈ ਕਿ ਮਨੁਖ 'ਧਾਤੁ' ਦਾ ਰਾਹ ਛਡ ਕੇ 'ਲਿਵ' ਦੇ ਰਾਹ ਆ ਪਵੇ, ਪ੍ਰਭੂ ਸਿਮਰਨ ਵਿਚ ਜੁਟ ਜਾਏ । ਫਿਰ ਦੁਖਾਂ ਕਲੇਸ਼ਾਂ ਦਾ ਡੇਰਾ ਪੁਟਿਆ ਜਾਵੇਗਾ ।

ਤ੍ਰਿਸ਼ਨਾ[7] ਦੀ ਮਚਦੀ ਅੱਗ ਇਕ-ਦਮ ਸ਼ਾਂਤ ਹੋ ਜਾਏਗੀ ਤੇ ਮਨ ਸਦੀਵ-ਕਾਲ ਲਈ ਸੁਖੀ ਹੋ ਜਾਏਗਾ । ਗੁਰਬਾਣੀ ਜ਼ਾਮਨ ਹੈ ਕਿ ਪ੍ਰਭੂ-ਸਿਮਰਨ ਸਦਕਾ ਪੂਰਾਂ ਦੇ ਪੂਰ[8] ਭਵ-ਸਾਗਰ ਤੋਂ ਉਧਰ ਗਏ ।

'ਸੁਖਮਨੀ' ਨਾਮ-ਸਿਮਰਨ ਨੂੰ ਆਤਮਾ ਦੀ [9]ਖੁਰਾਕ ਦਸ ਕੇ ਬਾਰ ਬਾਰ ਸਿਮਰਨ ਕਰਨ ਦੀ ਤਾਕੀਦ ਕਰਦੀ ਹੈ । ਸਮੁੱਚੇ ਮਨੁਖੀ ਸਰੀਰ ਨੂੰ ਸਫਲ ਕਰਨ ਲਈ [10]ਰਸਨਾ ਨਾਲ, [11]ਹਿਰਦੇ ਨਾਲ ਅਤੇ [12]ਸਾਸਿ ਗ੍ਰਾਸਿ ਨਾਮ ਸਿਮਰਨ ਕੀਤੇ ਜਾਣ ਦੀ ਹਦਾਇਤ ਦੇਂਦੀ ਹੈ ।

---

1. ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥ ਓਹ ਬਿਨਸੈ ਉਹੁ ਮਨਿ ਪਛੁਤਾਵੈ ॥
   ਜੋ ਦੀਸੈ ਸੋ ਚਾਲਨਹਾਰੁ ॥ ਲਪਟਿ ਰਹਿਓ ਤਹ ਅੰਧ ਅੰਧਾਰੁ ॥
   ਬਟਾਊ ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ ਕੇਹ ॥ (੩॥੫)
2. ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ (੨॥੨)
3. ਛੂਟਤ ਨਹੀ ਕੋਟਿ ਲਖ ਬਾਹੀ ॥ ਨਾਮੁ ਜਪਤ ਤਹ ਪਾਰਿ ਪਰਾਹੀ ॥ (੩॥੨)
4. ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ (੧॥੨)
5. ਲਾਖ ਕਰੋਰੀ ਬੰਧੁ ਨ ਪਰੈ ॥ ਹਰਿ ਕਾ ਨਾਮੁ ਜਪਤ ਨਿਸਤਰੈ ॥ (੨॥੨)
6. ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ (੧॥੨)
7. ਕਲਿ ਤਾਤੀ ਠਾਂਢਾ ਹਰਿ ਨਾਉ ॥ ਸਿਮਰਿ ਸਿਮਰਿ ਸਦਾ ਸੁਖ ਪਾਉ ॥ (੩॥੧੯)
8. ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥ (੪॥੧)
9. ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥ (੨॥੨੪॥)
   ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ (੬॥੧੭)
10. ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ ਸਦਾ ਸਦਾ ਜਾਨਹੁ ਤੇ ਸੁਖੀ ॥ (੩॥੧੪)
11. ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥ (੧॥੧੪)
12. ਹੋਹਿ ਅਚਿੰਤੁ ਬਸੈ ਸੁਖ ਨਾਲਿ ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥ (੭॥੧੯)



www.AKJ.Org

'ਸੁਖਮਨੀ' ਅਨੁਸਾਰ ਨਾਮ ਸਿਮਰਨ ਅਮੋਲਕ ਖਜ਼ਾਨਾ[1] ਹੈ, ਅੰਮ੍ਰਿਤ[2] ਭੋਜਨ ਹੈ, ਸਰਬ-ਰੋਗ ਨਾਸ਼ਕ ਅਉਸ਼ਧੀ[3] ਹੈ, ਸੁਖਾਂ ਦੀ ਖਾਣ ਹੈ ਅਤੇ ਨਾਮੀ ਪੁਰਸ਼ ਧੰਨਤਾ ਜੋਗ ਹੈ, ਉਹ ਸਾਧ ਹੈ, ਸੰਤ ਹੈ, ਬ੍ਰਹਮ ਗਿਆਨੀ ਹੈ। ਪਰ ਪ੍ਰਭੂ-ਦਾਤੇ ਦੀਆਂ ਅਮੋਲ ਨਿਆਮਤਾਂ ਪ੍ਰਾਪਤ ਕਰਕੇ, ਉਸਦੀਆਂ ਦਾਤਾਂ ਵਿਚ ਖਚਤ ਹੋ ਕੇ ਦਾਤਾਰ ਨੂੰ ਵਿਸਾਰ ਦੇਣ ਵਾਲਾ ਅਕ੍ਰਿਤਘਣ ਮਨੁਖ ਧ੍ਰਿਕਾਰ ਜੋਗ ਹੈ, ਉਹ ਸਾਕਤ ਹੈ, ਆਤਮ-ਘਾਤੀ ਹੈ, ਮਨੁਖੀ ਜਾਮੇ ਵਿਚ ਪਸ਼ੂ ਹੈ।

ਹਰਿ ਸਿਮਰਨ ਦੀ ਅਮੋਲਕ ਦਾਤਿ ਕਿਸੇ ਵਡਭਾਗੇ ਜੀਵ ਨੂੰ ਮਿਲਦੀ ਹੈ, ਜਿਸ ਉਤੇ ਕਰਤਾ ਪੁਰਖ ਦੀ ਮਿਹਰ[4] ਹੋਵੇ।

ਨਾਮ-ਦਾਤਿ ਕੇਵਲ ਅਤੇ ਕੇਵਲ ਸਤਿਗੁਰੂ ਦੀ ਰਾਹੀਂ ਹੀ ਮਿਲ ਸਕਦੀ ਹੈ ਅਤੇ 'ਸੁਖਮਨੀ' ਵਿਚ ਦਰਸਾਏ ਸਤਿਗੁਰੂ ਦੇ ਲਛਣ ਇਹ ਹਨ–

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥......
ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥
ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥......
ਪੂਰਾ ਗੁਰ ਅਖੵਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥ (੧੮)

1. ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥ (੬॥੧੭)
2. ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥ (੨॥੧੪)
3. ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥ (੫॥੯)
4. ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥ ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ (੮॥੧)

## ਗੁਰ ਪ੍ਰਸਾਦੀ ਹੀ ਨਾਮ ਮਨ ਵਿਚ ਵਸਦਾ ਹੈ

ਇਹ ਗੁਰਮਤਿ ਨਾਮ ਦੀ ਪ੍ਰਾਪਤੀ ਵਾਲਾ ਫਲ ਕਿਸ ਬਿਧਿ ਪ੍ਰਾਪਤ ਹੁੰਦਾ ਹੈ : "ਗੁਰ ਪਰਸਾਦੀ ਰਾਮੁ ਮਨਿ ਵਸੈ", ਗੁਰੂ ਦੀ ਕਿਰਪਾ ਦੁਆਰਾ ਨਾਮ ਮਨਿ ਵਸਣ, ਅਰਥਾਤ ਨਾਮ ਦ੍ਰਿੜ੍ਹ ਹੋਣ ਕਰ ਹੁੰਦਾ ਹੈ। ਗੁਰਮਤਿ ਜੁਗਤਿ ਬਿਹੂਣ, ਅਰਥਾਤ ਗੁਰੂ ਦੁਆਰਾ ਨਾਮ ਦ੍ਰਿੜ੍ਹ ਹੋਏ ਬਾਝੋਂ ਚਾਹੇ ਕੋਈ ਨਾਮ ਜਪਣ ਦਾ ਲੱਖ ਯਤਨ ਕਰੇ; ਕੁਝ ਨਹੀਂ ਬਣਦਾ। ਗੁਰਪ੍ਰਸਾਦਿ ਬਿਹੂਣ, ਗੁਰੂ ਦੁਆਰਿਓਂ ਨਾਮ ਦਾ ਪ੍ਰਸਾਦਿ ਗੱਫਾ ਪ੍ਰਾਪਤ ਹੋਏ ਬਾਝ ਕਿਸੇ ਪ੍ਰਾਣੀ ਨੂੰ ਨਾਮ ਦ੍ਰਿੜ੍ਹ ਨਹੀਂ ਹੋ ਸਕਦਾ। ਉਸ ਦਾ ਆਪੋਂ-ਹੁਦਰਾ ਯਾ ਸੁਣਿਆ ਸੁਣਾਇਆ ਰਾਮ ਰਾਮ ਕਹਿੰਦੇ ਫਿਰਨਾ ਕਿਸੇ ਲੇਖੇ ਨਹੀਂ, ਅਰਥਾਤ ਨਿਸਫਲ ਹੈ। ਗੁਰ ਪ੍ਰਸਾਦੀ ਹੀ ਨਾਮ ਮਨ ਵਿਚ ਵਸਦਾ ਹੈ, ਤਦ ਹੀ ਸਿਖ ਜਗਿਆਸੂ ਦੀ ਨਾਮ-ਅਭਿਆਸ-ਕਮਾਈ ਫਲੀਭੂਤ ਹੁੰਦੀ ਹੈ। "ਮੁਖਹੁ ਹਰਿ ਹਰਿ ਸਭੁ ਕੋ ਕਰੈ" ਬਾਹਰ-ਮੁਖੀ ਤਾਂ ਹਰਿ ਹਰਿ ਸਭ ਕੋਈ ਕਹਿ ਲੈਂਦਾ ਹੈ, ਪਰ ਓਹ ਜਨ ਵਿਰਲੇ ਹੀ ਹਨ ਜੋ ਹਿਰਦੇ ਵਿਚ ਵਸਾਉਂਦੇ ਹਨ। ਗੁਰਮਤਿ ਨਾਮ ਜਪਣ ਵਾਲਿਆਂ ਦਾ ਗੁਰਮੁਖ ਪੰਥ ਹੀ ਅਜਿਹੇ ਵਿਰਲੇ ਜਨਾਂ ਦਾ ਪੁੰਜ ਹੈ। ਅਰਥਾਰ ਖਾਲਸਾ ਪੰਥ ਅਜਿਹੇ ਗੁਰਮੁਖ ਵਿਰਲੇ ਜਨਾਂ ਦਾ ਹੀ ਪੁੰਜ ਹੈ। ਖ਼ਾਲਸਾ ਪੰਥ ਵਿਚ ਸ਼ਾਮਲ ਹੋਣ ਕਰਿ, ਖ਼ਾਲਸਾ ਧਰਮ ਧਾਰਨ ਕਰਿ ਹੀ ਸਤਿ ਨਾਮ ਗੁਰਮੰਤਰ ਦੀ ਗੁਰਦੀਖਿਆ ਗੁਰੁ ਦੁਆਰੇ ਹੋਇ ਕੇ ਮਿਲਦੀ ਹੈ। ਗੁਰੂ, ਸੱਚੇ ਗੁਰੂ ਦੁਆਰਾ ਖ਼ਾਲਸਾ ਧਰਮ ਧਾਰਨ ਕਰਿ, ਖ਼ਾਲਸਾ ਪੰਥ ਵਿਖੇ ਸ਼ਾਮਲ ਹੋਣ ਕਰਿ ਹੀ ਗੁਰਮੰਤ੍ਰ ਮਿਲਦਾ ਹੈ ਅਤੇ ਗੁਰੂ ਦੁਆਰਿਓਂ ਹੀ ਨਾਮ ਪ੍ਰਾਪਤ ਹੋ ਕੇ ਦ੍ਰਿੜ੍ਹ ਹੁੰਦਾ ਹੈ। ਜਿਨ੍ਹਾਂ ਨੂੰ ਗੁਰੂ ਦੁਆਰਿਓਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ, ਉਹਨਾਂ ਦੇ ਅੰਤਰ ਆਤਮੇ ਅੰਮ੍ਰਿਤ-ਨਾਮ ਦੀ ਪਿਉਂਦ ਚੜ੍ਹ ਜਾਂਦੀ ਹੈ, ਉਹਨਾਂ ਦੇ ਘਟ ਅੰਤਰ ਨਾਮ ਦੀ ਪੁੱਠ ਚੜ੍ਹ ਜਾਂਦੀ ਹੈ, ਉਹਨਾਂ ਦਾ ਨਾਮ ਦਾ ਰਟਨ, ਮੁਖ ਰਸਨਾ ਕਰਕੇ ਜਪਣਾ ਕਲਾ-ਕ੍ਰਿਸ਼ਮੀ ਹੁੰਦਾ ਹੈ। [ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਰਮਜ਼ਾਂ' ਵਿਚੋਂ



www.AKJ.Org

# ਸਤਿਗੁਰ ਦਾਤਾ ਨਾਮ ਕਾ

[ ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਸਤਿਗੁਰੁ ਦਾਤਾ ਹਰਿਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥
ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥
ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥੨॥ [ਸਿਰੀਰਾਗੁ ਮ: ੪–੩੯
ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥
ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥ ੩॥(੪॥੧੯॥੮੯)ਸਿਰੀਰਾਗੁ ਮ: ੫,ਪੰਨਾ ੪੯
ਸਤਿਗੁਰੂ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥
ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ...॥੨॥ (੫॥੪) ਮਲਾਰ ਮ: ੩, ੧੨੫੮

ਉਪਰਲੇ ਗੁਰਵਾਕ ਸਾਫ਼ ਪ੍ਰਗਟ ਕਰਦੇ ਹਨ ਕਿ ਕੇਵਲ ਸਤਿਗੁਰੂ ਹੀ ਨਾਮ ਦਾ ਦਾਤਾ ਹੈ ਤੇ ਐਸੇ ਸਤਿਗੁਰੂ ਦਾ ਮੇਲ ਪ੍ਰਭੂ ਪ੍ਰਮਾਤਮਾ ਦੀ ਨਦਰ ਪ੍ਰਸਾਦਿ ਮਿਲੌਣੀ ਦੁਆਰਾ ਹੀ ਹੁੰਦਾ ਹੈ। ਧੁਰੋਂ ਪਠਾਏ ਹੁਕਮ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਇਸ ਸੰਸਾਰ ਵਿਚ ਆਏ ਅਤੇ ਉਹਨਾਂ ਨੇ ਸਾਰੇ ਸੰਸਾਰ ਵਿਚ ਨਾਮ ਦਾ ਚੱਕਰ ਫਿਰਾਇਆ। ਨਾਮ ਵੀ ਗੁਰੂ ਸਾਹਿਬ ਨੇ ਸਤਿਨਾਮ ਵਾਲਾ ਗੁਰਮੰਤ੍ਰ ਬਖਸ਼ਿਆ, ਜੋ ਕਿਰਤਮ ਨਾਮਾਂ ਤੋਂ ਵੱਖਰਾ ਤੇ ਅਕਾਲ ਪੁਰਖ ਦਾ ਨਿਜ ਸੰਕੇਤਿਆ ਨਾਮ ਹੈ। ਧੁਰ ਲਿਖਤ ਸੰਜੋਗਾਂ ਅਨੁਸਾਰ ਹੀ ਅਧਿਕਾਰੀ ਜਨਾਂ ਨੂੰ ਐਸੇ ਗੁਰੂ ਦਾ ਮਿਲਾਪ ਪ੍ਰਾਪਤ ਹੁੰਦਾ ਹੈ। ਗੁਰੂ ਕਿਸੇ ਆਦਮੀ ਦੇ ਬਣਾਏ ਨਹੀਂ ਬਣਦੇ ਅਤੇ ਨਾ ਹੀ ਆਪਣੀ ਬਣਾਉਟ ਦੁਆਰਾ ਬਣਦੇ ਹਨ। ਇਹ ਤਾਂ ਧੁਰੋਂ ਪਠਾਏ ਹੁੰਦੇ ਹਨ। ਅਕਾਲੀ ਹੁਕਮ ਅਨੁਸਾਰ ਏਸ ਕਲੀਕਾਲ ਅੰਦਰ ਸਤਿਗੁਰੂ ਦੀ ਪਦਵੀ ਪ੍ਰਾਪਤ ਹੋਈ ਤਾਂ ਕੇਵਲ ਸਤਿਗੁਰੂ ਨਾਨਕ ਦੇਵ ਨੂੰ ਹੀ ਹੋਈ। ਆਪ ਤੋਂ ਪਿਛੋਂ ਇਹ ਪਦਵੀ ਬਾਕੀ ਨੌਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੋਈ। ਹੋਰ ਕਿਸੇ ਦੇਹਧਾਰੀ ਨੂੰ ਨਾ ਇਹ ਪਦਵੀ ਪ੍ਰਾਪਤ ਹੋਈ, ਨਾ ਹੋਣੀ ਹੈ ਅਤੇ ਨਾ ਹੋਵੇਗੀ। ਗੁਰੂ ਸਤਿਗੁਰੂ ਦਾ ਪਦ ਕੇਵਲ ਧੁਰੋਂ ਪਠਾਏ ਗੁਰੂ ਨਾਨਕ ਸਾਹਿਬ ਜੀ ਪ੍ਰਥਾਇ ਹੀ ਘਟਦਾ ਹੈ। ਐਸੇ ਸਤਿਗੁਰੂ ਤੋਂ ਹੀ ਹਰਿ ਪ੍ਰਭ ਬੁੱਝੀਦਾ ਹੈ, ਐਸੇ ਸਤਿਗੁਰੂ ਦੀ ਸ਼ਰਨੀ ਢਹਿ ਪੈਣ ਕਰਕੇ ਹੀ ਗੁਰਸਿੱਖਾਂ ਦਾ ਨਿਸ਼ਤਾਰਾ ਹੈ।

ਭਾਈ ਗੁਰਦਾਸ ਜੀ ਨੇ ਨਾਮ ਦੇ ਦਾਤੇ ਤੇ ਸਾਧ ਤੇ ਗੁਰਮੁਖ ਸੰਬੰਧੀ ਇਉਂ ਫੁਰਮਾਇਆ ਹੈ :–

ਥੰਮੇ ਕੋਇ ਨ ਸਾਧ ਬਿਨ ਸਾਧ ਨ ਦਿਸੈ ਜਗ ਵਿਚ ਕੋਆ ॥ [ਵਾਰ ੧, ਪਉੜੀ ੨੨
ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥
ਕਲਿ ਤਾਰਣ ਗੁਰੁ ਨਾਨਕ ਆਇਆ ॥ [ਵਾਰ ੧, ਪਉੜੀ ੨੩

ਇਨ੍ਹਾਂ ਤੁਕਾਂ ਵਿਚ ਭਾਈ ਗੁਰਦਾਸ ਜੀ ਨੇ 'ਸਾਧ' ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਲਈ ਵਰਤਿਆ ਹੈ ਅਤੇ ਸਤਿਨਾਮ ਦਾ ਦਾਤਾ ਤੇ ਕਲਿਜੁਗ ਦੇ ਤਾਰਨਹਾਰ ਵੀ ਉਨ੍ਹਾਂ ਨੂੰ ਹੀ ਲਿਖਿਆ ਹੈ। ਗੁਰਬਾਣੀ ਵਿਚ "ਸੰਤ" "ਸਾਧ" ਪਦ ਬਹੁਤੇ, ਗੁਰੂ ਸਾਹਿਬਾਨ ਪ੍ਰਥਾਇ ਹੀ ਵਰਤੇ ਗਏ ਹਨ। "ਗੁਰਮੁਖ ਕਲਿ ਵਿਚ ਪਰਗਟ ਹੋਇਆ"† ਦੀ ਪੰਗਤੀ ਅੰਦਰ "ਗੁਰਮੁਖ" ਪਦ ਸ੍ਰੀ ਗੁਰੂ ਨਾਨਕ ਸਾਹਿਬ ਪ੍ਰਥਾਇ ਹੀ ਵਰਤਿਆ ਹੈ। ਸੋ ਗੁਰਬਾਣੀ ਵਿਚ ਜਿੱਥੇ "ਗੁਰਮੁਖ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ"‡ ਵਾਕ ਆਉਂਦਾ ਹੈ ਉੱਥੇ ਗੁਰਮੁਖ ਕੇਵਲ ਗੁਰੂ ਸਾਹਿਬ ਪ੍ਰਥਾਇ ਹੀ ਘਟਦਾ ਹੈ, ਕਿਸੇ ਇਕ ਗੁਰਸਿੱਖ ਪ੍ਰਥਾਇ ਨਹੀਂ ਘਟਦਾ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਹੀ ਅੰਮ੍ਰਿਤ-ਧਾਰੀ ਸਿੰਘ ਨੂੰ ਨਾਮ (ਗੁਰਮੰਤ੍ਰ) ਦੇ ਸਕਦੇ ਹਨ। ਹੋਰ ਕੋਈ ਇਕੱਲਾ ਸਿੱਖ, ਸੰਤ, ਸਾਧ, ਭਗਤ, ਗੁਰਮੁਖ ਨਾਮ ਦੇਣ ਲਈ ਉਪਦੇਸ਼ਟਾ ਗੁਰੂ, ਜਾਂ ਮੰਜੀ ਗੁਰੂ, ਅਥਵਾ ਕੋਈ ਗਿਆਰਵਾਂ ਚੌਧਵਾਂ ਗੁਰੂ ਨਹੀਂ ਹੋ ਸਕਦਾ, ਅਤੇ ਨਾ ਹੀ ਕੋਈ ਸਿੱਖ ਸੰਤ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਜਾਂ ਕਿਸੇ ਹੋਰ ਗੁਰੂ ਦਾ ਅਵਤਾਰ ਕਹਾ ਸਕਦਾ ਹੈ। ਐਸਾ ਕਰਨਾ ਗੁਰਮਤਿ ਤੋਂ ਉਲਟ ਅਤੇ ਘਾਟੇ ਦਾ ਸੌਦਾ ਹੈ।

['ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਪੁਸਤਕ ਵਿਚੋਂ

www.AKJ.Org

# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ

[ ਡਾਕਟਰ ਜਸਵੰਤ ਸਿੰਘ ਜੀ ਨੇਕੀ ]

(ਇਹ ਲੇਖ ਵੀ ਫ਼ਾਜ਼ਿਲ ਕਸ਼ਮੀਰੀ ਸਨਮਾਨ-ਸਮਾਗਮ ਸਮੇਂ ਪੜ੍ਹਿਆ ਗਿਆ।)

ਵੈਸੇ ਤਾਂ ਸਮੁੱਚੀ ਗੁਰਬਾਣੀ ਹੀ ਅਲੌਕਿਕ ਸਿਰਜਨਾ ਹੈ; ਪਰ, ਗੁਰੂ ਅਰਜਨ ਦੇਵ ਜੀ ਦੀ ਰਚਨਾ 'ਸੁਖਮਨੀ' ਸ਼ਾਇਦ ਸਾਰੀ ਬਾਣੀ ਵਿਚੋਂ ਸਭ ਤੋਂ ਵੱਧ ਲੋਕ-ਪ੍ਰਿਯ ਹੈ। ਇਕ ਕਾਰਨ ਤਾਂ ਇਸ ਦਾ ਇਸ ਦੇ ਬੋਲਾਂ ਦੀ ਸਰਲਤਾ ਤੇ ਸੁਖੈਨਤਾ ਹੈ; ਦੂਜਾ, ਇਸ ਦੀ ਕਾਵਿ-ਜੁਗਤ ਦੀ ਸ੍ਵਛੰਦਗੀ। ਪਰ ਇਹਨਾਂ ਦੋਹਾਂ ਤੋਂ ਵਧੀਕ ਸੱਚ ਤੇ ਸੁਹਾਣ ਸਮੇਟਦੀ ਇਸ ਦੀ ਵਿਸ਼ੇ-ਵਸਤੂ ਹੈ, ਜੋ ਪਾਠਕ ਨੂੰ ਆਪਣੇ ਅਨੂਠੇ ਰਸ ਵਿਚ ਬੰਨ੍ਹੀ ਰਖਦਾ ਹੈ।

ਖਣਿਜ ਪਦਾਰਥਾਂ 'ਚੋਂ ਪ੍ਰਾਪਤ ਹੋਣ ਵਾਲੇ ਕੀਮਤੀ ਪੱਥਰ ਨੂੰ 'ਰਤਨ' ਕਹਿੰਦੇ ਹਾਂ; ਕੁਝ ਜੀਆਂ ਵਿਚੋਂ ਪ੍ਰਾਪਤ ਐਸੇ ਕੀਮਤੀ ਪੱਥਰ ਨੂੰ 'ਮਣੀ' ਕਹਿੰਦੇ ਹਨ। ਪਰ ਇਹ ਸੁਖਮਨੀ ਨਾਮ ਤੋਂ ਪ੍ਰਾਪਤ ਹੋਈ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥

## ਨਾਮ ਦਾ ਮਹਾਤਮ—

ਇਹ ਬਾਣੀ ਨਾਮ-ਸਿਮਰਨ ਦੇ ਮਹਾਤਮ ਨਾਲ ਹੀ ਅਰੰਭ ਹੁੰਦੀ ਹੈ, ਤੇ ਇਸੇ ਨਾਲ ਸਮਾਪਤ। 'ਮਹਾਤਮ' ਸ਼ਬਦ 'ਮਹਾਤਮਜ' ਦਾ ਤਦਭਵ ਰੂਪ ਹੈ, ਜਿਸ ਦਾ ਅਰਥ ਹੈ ਵਡਿਆਈ। ਭਗਤੀ ਸ਼ਾਸਤ੍ਰਾਂ ਵਿਚ ਵਖ ਵਖ ਪ੍ਰਕਾਰ ਦੀ ਭਗਤੀ ਦੇ ਵਰਣਨ ਦੇ ਨਾਲ ਨਾਲ ਭਗਤੀ ਵਿਸ਼ੇਸ਼ ਤੋਂ ਪ੍ਰਾਪਤ ਹੋਣ ਵਾਲੇ ਫਲਾਂ ਦਾ ਵੀ ਜ਼ਿਕਰ ਹੈ। ਇਸ ਲਈ 'ਮਹਾਤਮ' ਸ਼ਬਦ ਦੇ ਅਰਥ ਵਿਚ ਜਿੱਥੇ ਵਡਿਆਈ ਜਾਂ ਪ੍ਰਤਿਸ਼ਠਾ ਸ਼ਾਮਿਲ ਹੈ, ਉਥੇ ਫਲਾਦੇਸ਼ ਵੀ ਨਾਲ ਸ਼ਾਮਿਲ ਹੋ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਮਹਾਤਮ, ਖ਼ਾਸ ਕਰ, ਲੰਮੇ ਆਕਾਰ ਵਾਲੀਆਂ ਬਾਣੀਆਂ ਅੰਦਰ ਬਿਆਨ ਕੀਤਾ ਮਿਲਦਾ ਹੈ। ਉਦਾਹਰਣ ਵਜੋਂ :—

**ਜਪੁ ਜੀ ਸਾਹਿਬ ਵਿਚ :** ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (ਸਲੋਕ)

**ਅਨੰਦ ਸਾਹਿਬ ਵਿਚ :** ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥੪੦॥

**ਬਾਰਾਮਾਹਾ ਮਾਝ ਵਿਚ :** ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥੧੪॥

ਸੁਖਮਨੀ ਸਾਹਿਬ ਵਿਚ ਵੀ ਨਾਮ ਦੀ ਹੀ ਮਹਿਮਾ ਹੈ, ਤੇ ਨਾਮ ਦਾ ਹੀ ਮਹਾਤਮ ਹੈ। ਮਹਾਤਮ ਵਿਚਲੇ ਫਲਾਦੇਸ਼ ਦੁਆਰਾ ਬਾਣੀਕਾਰ ਬਾਣੀ ਵਿਸ਼ੇਸ਼ ਨੂੰ ਪੜ੍ਹਨ, ਸੁਣਨ, ਸਿਮਰਨ, ਤੇ ਗਾਇਨ ਕਰਨ ਦੀ ਪ੍ਰੇਰਨਾ ਦੇਂਦਾ ਹੈ। ਸੁਖਮਨੀ ਸਾਹਿਬ ਦੀ ਅਰੰਭਕ ਅਸ਼ਟਪਦੀ ਇਸੇ ਪ੍ਰੇਰਨਾ ਨਾਲ ਸ਼ੁਰੂ ਹੁੰਦੀ ਹੈ :

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥...੧॥ (੧)

ਸਾਰੀ ਅਸ਼ਟਪਦੀ ਉਨ੍ਹਾਂ ਲੌਕਿਕ ਤੇ ਅਲੌਕਿਕ ਸੁਖਾਂ ਦਾ ਬਿਉਰਾ ਦੇਂਦੀ ਹੈ ਜੋ ਨਾਮ-ਸਿਮਰਨ ਤੋਂ ਪ੍ਰਾਪਤ ਹੁੰਦੇ ਹਨ। ਨਾਮ-ਸਿਮਰਨ ਦੁਆਰਾ ਆਸਾਂ ਪੁਜਦੀਆਂ ਹਨ; ਰਿੱਧੀਆਂ, ਸਿੱਧੀਆਂ, ਨਿੱਧੀਆਂ ਹੱਥ ਆਉਂਦੀਆਂ ਹਨ; ਧਨ, ਦੌਲਤ, ਐਸ਼ਵਰਜ, ਸੁਖ, ਰਾਜ, ਵਡਿਆਈ, ਸੋਭਾ, ਪ੍ਰਾਪਤ ਹੁੰਦੇ ਹਨ; ਕਾਰਜ ਰਾਸ ਹੁੰਦੇ ਹਨ; ਭਉ, ਦੁਖ, ਰੋਗ, ਸੋਗ, ਵਿਘਨ ਦੁਸ਼ਮਨ, ਕਾਲ, ਜਮ, ਸਾਰੇ ਦੂਰ ਹੁੰਦੇ ਹਨ। ਸੰਸਾਰਕ ਸੁਖ ਹੀ ਨਹੀਂ, ਸਿਮਰਨ ਦੁਆਰਾ ਅਧਿਆਤਮਕ ਸੁਖ ਵੀ ਪ੍ਰਾਪਤ ਹੁੰਦੇ ਹਨ। ਪਰੋਪਕਾਰ ਵਲ ਮਨ ਰੁਚਿਤ ਹੁੰਦਾ ਹੈ; ਤ੍ਰਿਸ਼ਨਾ ਮਿਟਦੀ ਹੈ; ਮਨ ਦੀ ਮੈਲ ਉਤਰਦੀ ਹੈ; ਮਨ ਉਤੇ ਵਿਜੈ ਪ੍ਰਾਪਤ ਹੁੰਦੀ ਹੈ; ਅਡੋਲਤਾ ਵਾਲੀ ਸਹਜ ਅਵਸਥਾ ਪ੍ਰਾਪਤ ਹੁੰਦੀ ਹੈ; ਵਾਹਿਗੁਰੂ



www.AKJ.Org

ਦੀ ਨੇੜਤਾ ਤੇ ਅੰਤ ਉਸ ਨਾਲ ਅਭੇਦਤਾ ਪ੍ਰਾਪਤ ਹੋ ਜਾਂਦੀ ਹੈ ।

ਜਿੱਥੇ ਕੋਈ ਸਹਾਇਤਾ ਨਹੀਂ ਕਰ ਸਕਦਾ ਉਥੇ ਨਾਮ ਦੀ ਇਮਦਾਦ ਪਹੁੰਚਦੀ ਹੈ; ਜਿਸ ਰਸਤੇ ਹਨੇਰ ਘੁਪਘੇਰ ਛਾਇਆ ਹੋਵੇ, ਨਾਮ ਓਥੇ ਪ੍ਰਕਾਸ਼ ਕਰਦਾ ਹੈ; ਜਿਥੇ ਕੋਈ ਆਸ਼ਨਾ ਨ ਮਿਲੇ, ਨਾਮ ਓਥੇ ਵਾਕਫ਼ਕਾਰ ਬਣ ਕੇ ਮਿਲਦਾ ਹੈ; ਜਿਥੇ ਕੜਕਦੀਆਂ ਧੁੱਪਾਂ ਦੀ ਤਪਸ਼ ਤੇ ਘਾਮ ਹੋਵੇ, ਓਥੇ ਨਾਮ ਘਣਪਤਰੀਆਂ ਛਾਵਾਂ ਆਣ ਤਾਣਦਾ ਹੈ; ਜਿਸ ਨੂੰ ਲੱਖਾਂ ਮਦਦਗਾਰ ਵੀ ਪਹੁੰਚ ਨ ਸਕਣ, ਨਾਮ ਉਸ ਦੀ ਵੀ ਬਹੁੜੀ ਕਰਦਾ ਹੈ । ਅਨੇਕਾਂ ਵਿਘਨਾਂ ਵਿਚੋਂ ਤੁਰਤ ਸੰਭਾਲ ਕੇ ਕੱਢ ਲਿਜਾਂਦਾ ਹੈ । ਨਾਮ ਹੀ ਹਉਮੈ ਤੇ ਪਾਪ ਦੀ ਮੈਲ ਨਾਲ ਲਿਬੜੇ ਹੋਇਆਂ ਨੂੰ ਸੂਛ ਤੇ ਨਿਰਮਲ ਕਰਦਾ ਹੈ ।

ਏਹੋ ਨਾਮ, ਜੋ ਭਗਤਾਂ ਦਾ ਵਰਤਣ-ਵਲੇਵਾ ਹੈ; ਜਿਸ ਦਾ ਜੱਸ ਦਿਨ ਰਾਤ ਸੰਤ ਲੋਕ ਗਾਉਂਦੇ ਹਨ; ਜਿਸ ਦੀ ਮਹਿਮਾ ਸੰਤਾਂ ਦੇ ਦਿਲ ਵਿਚ ਵਸਦੀ ਹੈ । ਇਹੋ ਹੀ ਪਾਰਜਾਤ ਬਿਰਖ ਹੈ, ਇਹੋ ਕਾਮਧੇਨ ਗਊ । ਇਸ ਨੂੰ ਸੁਣਦਿਆਂ ਦੁਖ-ਦਾਰਿਦਰ ਸਭ ਦੂਰ ਹੋ ਜਾਂਦੇ ਹਨ । ਇਸ ਦੇ ਤੁੱਲ ਹੋਰ ਕੁਝ ਵੀ ਨਹੀਂ ।

## ਨਾਮ ਕੀ ਹੈ ?

ਜਿਸ ਦੀ ਏਡੀ ਮਹਿਮਾ ਤੇ ਇਤਨਾ ਮਹਾਤਮ ਹੈ, ਉਹ ਨਾਮ ਹੈ ਕੀ ? ਸੁਖਮਨੀ ਸਾਹਿਬ ਵਿਚ ਇਸੇ ਨਾਮ ਬਾਰੇ ਇਹ ਪੰਕਤੀਆਂ ਆਉਂਦੀਆਂ ਹਨ :

ਨਾਮ ਕੇ ਧਾਰੇ ਸਗਲੇ ਜੰਤ । ਨਾਮ ਕੇ ਧਾਰੇ ਖੰਡ ਬ੍ਰਹਮੰਡ ।
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ । ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ।
ਨਾਮ ਕੇ ਧਾਰੇ ਆਗਾਸ ਪਾਤਾਲ । ਨਾਮ ਕੇ ਧਾਰੇ ਸਗਲ ਆਕਾਰ ।
ਨਾਮ ਕੇ ਧਾਰੇ ਪੁਰੀਆ ਸਭ ਭਵਨ । ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ।੫।(੧੬)

ਜ਼ਾਹਰ ਹੈ ਇਥੇ ਨਾਮ ਇਕ ਵਿਸ਼ੇਸ਼ ਧਰਮ ਸ਼ਾਸਤ੍ਰੀ ਸੰਕਲਪ ਹੈ, ਜੋ ਨਿਰੰਕਾਰ ਦੇ ਉਸ ਰੂਪ ਦਾ ਲਖਾਇਕ ਜਾਪਦਾ ਹੈ ਜੋ ਸਾਰੀ ਸਿਰਜਨਾ ਦਾ ਆਸਰਾ ਬਣਿਆ ਹੋਇਆ ਹੈ । ਸਿਰਜਣਾ ਤੋਂ ਪੂਰਵ ਵੀ ਇਸ ਦੀ ਹੋਂਦ ਬਾਰੇ ਗੁਰਬਾਣੀ ਵਿਚ ਸੰਕੇਤ ਮਿਲਦਾ ਹੈ :

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥੧॥ (ਵਾਰ ਆਸਾ ਮ: ੧)

ਇਥੇ ਇਹ ਕਿਹਾ ਗਿਆ ਹੈ ਕਿ ਉਸ ਨਿਰਗੁਣ ਨਿਰੰਕਾਰ ਨੇ ਪਹਿਲਾਂ ਆਪਣੇ ਆਪ ਨੂੰ ਸਾਜਿਆ ਤੇ ਫਿਰ ਆਪਣਾ ਨਾਮ ਰਚਿਆ—ਭਾਵ ਆਪਣੇ ਆਪ ਨੂੰ ਨਾਮ ਵਿਚ ਤਹਿਵੀਲ ਕੀਤਾ । ਉਪਰੰਤ ਦੁਤੀਆ ਭਾਵ ਵਾਲੀ ਕੁਦਰਤ ਅਥਵਾ ਮਾਇਆ ਸਾਜੀ । ਇਸ ਨਾਤੇ 'ਨਾਮ' ਨਿਰੰਕਾਰ ਦਾ ਸਫ਼ੁਰ ਰੂਪ ਜਾਪਦਾ ਹੈ, ਜੋ ਉਸ ਨੇ ਸਿਰਜਨਾ ਤੋਂ ਫ਼ੌਰਨ ਪਹਿਲਾਂ ਧਾਰਿਆ, ਤੇ ਜੋ ਹੁਣ ਵੀ ਕਾਇਮ ਹੈ ਤੇ ਸਿਰਜਨਾ ਨੂੰ ਆਸਰਾ ਦਈ ਬੈਠਾ ਹੈ ।

## ਨਾਮ ਸਿਮਰਨ ਕੀ ਹੈ ?–

ਜੇਕਰ ਨਾਮ ਦਾ ਏਹੋ ਅਰਥ ਹੈ, ਤਾਂ ਇਸ ਨੂੰ 'ਸਿਮਰਨ' ਤੋਂ ਕੀ ਭਾਵ ਹੈ ? ਸਿਮਰਨ ਦਾ ਅਰਥ ਹੈ ਚੇਤੇ ਕਰਨਾ, ਚੇਤੇ ਰਖਣਾ । ਇਸ਼ ਪੱਖੋਂ ਨਾਮ ਸਿਮਰਨ ਦਾ ਅਰਥ ਹੋਇਆ (ਜ਼ਿੰਦਗੀ ਦਾ ਕਾਰ ਵਿਹਾਰ ਕਰਦਿਆਂ ਵੀ) ਨਾਮ ਨੂੰ ਚੇਤੇ ਰਖਣਾ, ਚਿੱਤ ਵਿਚ ਵਸਾਈ ਰਖਣਾ, ਉਸ ਦੀ ਹੋਂਦ ਵਲੋਂ ਸੁਚੇਤ ਹੋਣਾ, ਉਸ ਦੀ ਹਾਜ਼ਰ-ਨਾਜ਼ਰਤਾ ਦੀ ਸੋਝੀ ਹੋਣੀ । ਨਾਮ ਸਿਮਰਨ ਤੋਂ ਮੁਰਾਦ ਇਸੇ ਸੋਝੀ ਦਾ ਅਭਿਆਸੀ ਹੋਣਾ ਹੈ । 'ਜਾਪ' ਦਾ ਵੀ ਇਹੋ ਅਰਥ ਹੈ । ਜਾਪ ਸ਼ਬਦ ਦਾ ਭਾਸ਼ਾਈ ਸੰਬੰਧ 'ਜਾਪਣ' ਸ਼ਬਦ ਨਾਲ ਹੈ । ਜਦੋਂ ਨਾਮ ਦੀ ਹੋਂਦ ਜਾਪਦੀ ਹੋਵੇ ਤਾਂ ਸੁਤੇ ਸਿੱਧ ਉਸ ਦਾ ਜਾਪ ਹੋ ਰਿਹਾ ਹੁੰਦਾ ਹੈ । ਜੇਭਾ ਰਾਹੀਂ ਕੀਤਾ ਜਾਪ ਤਾਂ ਇਸੇ 'ਜਾਪਣ' ਦਾ ਸੰਕੇਤ ਮਾਤ੍ਰ ਹੈ । ਜੇ ਵਾਹਿਗੁਰੂ ਜਾਪਿਆ ਨਹੀਂ, ਜੇ ਉਸ ਦੀ ਹਾਜ਼ਰਨਾਜ਼ਰਤਾ ਦਾ ਇਹਸਾਸ ਨਹੀਂ ਹੋਇਆ ਤਾਂ ਕੇਵਲ ਜੇਭਾ ਦਾ


www.AKJ.org

ਰਟਣ ਤਾਂ ਸਾਰਥਕ ਨਹੀਂ। ਜੇਭਾ ਰਾਹੀਂ ਰਟਣ ਭੀ ਓਦੋਂ ਹੀ ਸਾਰਥਕ ਹੁੰਦਾ ਹੈ ਜਦੋਂ ਨਾਲ ਉਸਦੀ ਮੌਜੂਦਗੀ ਜਾਪਣ ਲਗ ਪਵੇ।

ਜਦੋਂ ਨਾਮ-ਸਿਮਰਨ ਤੋਂ ਮੁਰਾਦ ਇਸ ਦੀ ਹਾਜ਼ਰਨਾਜ਼ਰਤਾ ਦੀ ਸੋਝੀ ਤੋਂ ਹੋਵੇ ਤਾਂ ਹੀ ਇਹ ਕਿਹਾ ਜਾ ਸਕਦਾ ਹੈ ਕਿ :

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ। ਹਰਿ ਸਿਮਰਨਿ ਲਗਿ ਬੇਦ ਉਪਾਏ।
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ। ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ।
ਹਰਿ ਸਿਮਰਨਿ ਧਾਰੀ ਸਭ ਧਰਨਾ। ਸਿਮਰਿ ਸਿਮਰਿ ਹਰਿ ਕਾਰਨ ਕਰਨਾ।
ਹਰਿ ਸਿਮਰਨਿ ਕੀਓ ਸਗਲ ਅਕਾਰਾ। ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ ॥੮॥ (੧)

ਕੀ ਸਿਮਰਨ ਮਨੁੱਖ ਲਈ ਲਾਜ਼ਮ ਹੈ ? ਜਿਸ ਦੀ ਕਿਰਪਾ ਦੁਆਰਾ ਅਸੀ ਜੀਊਂਦੇ ਹਾਂ; ਆਪਣੇ ਕੁਟੰਬ ਅੰਦਰ ਸੁਖ ਸਹਿਤ ਵਸਦੇ ਹਾਂ; ਛਤੀ ਪ੍ਰਕਾਰ ਦੇ ਭੋਜਨ ਛਕਦੇ ਹਾਂ; ਮਹਲਾਂ ਵਰਗੇ ਸੁੰਦਰ ਘਰਾਂ ਵਿਚ ਰਹਿੰਦੇ ਹਾਂ; ਬਾਗਾਂ ਦੀਆਂ ਬਹਾਰਾਂ ਮਾਣਦੇ ਹਾਂ; ਰਸ ਭੋਗਦੇ ਹਾਂ; ਪਾਟ ਪਟੰਬਰ ਹੰਢਾਉਂਦੇ ਹਾਂ; ਸੁਖਾਂ ਦੀ ਸੇਜ ਸੌਂਦੇ ਹਾਂ; ਇੱਜ਼ਤ, ਮਾਣ, ਮਰਾਤਬੇ ਪਾਉਂਦੇ ਹਾਂ; ਸੁਅਸਥ ਸੁੰਦਰ ਸਰੀਰ ਦਾ ਸੁਖ ਮਾਣਦੇ ਹਾਂ; ਕੰਨਾਂ ਨਾਲ ਸੁਣਦੇ, ਅੱਖਾਂ ਨਾਲ ਵੇਖਦੇ, ਜੇਭਾ ਨਾਲ ਬੋਲਦੇ, ਹੱਥਾਂ ਨਾਲ ਕਿਰਿਆ ਸੋਧਦੇ, ਤੇ ਪੈਰਾਂ ਨਾਲ ਚਲਦੇ ਹਾਂ; ਸੁੰਦਰ ਸਰੀਰ ਨੂੰ ਗਹਿਣਿਆਂ ਨਾਲ ਸ਼ਿੰਗਾਰੀ ਫਿਰਦੇ ਹਾਂ—ਕੀ ਉਸ ਨੂੰ ਸਿਮਰਨਾ ਲਾਜ਼ਮ ਨਹੀਂ ?

ਫਿਰ ਜਿਸ ਦੀ ਮੇਹਰ ਸਦਕਾ ਅਸੀ ਪੁੰਨ-ਦਾਨ ਕਰਨ ਜੋਗੇ ਹਾਂ; ਆਚਰਨ ਚੰਗਾ ਰਖ ਸਕਦੇ ਹਾਂ; ਉੱਚੀ ਮੱਤ ਵਾਲੇ ਬਿਬੇਕੀ ਪੁਰਖ ਹਾਂ; ਜਿਸ ਕਾਰਨ ਸਾਡਾ ਧਰਮ ਬਣਿਆ ਹੋਇਆ ਹੈ; ਦਰਗਾਹ ਵਿਚ ਮਾਣ ਪ੍ਰਾਪਤ ਕਰਨ ਜੋਗੇ ਹੋਏ ਹਾਂ; ਸਹਜ ਵਿਚ ਸਮਾ ਕੇ ਮੁਕਤੀ ਪ੍ਰਾਪਤ ਕਰ ਸਕਦੇ ਹਾਂ—ਕੀ ਉਸ ਮੇਹਰਵਾਨ ਨੂੰ ਸਿਮਰਨਾ ਲਾਜ਼ਮ ਨਹੀਂ ?

ਪਰ, ਅਸੀ ਕਦੋਂ ਸਿਮਰਦੇ ਹਾਂ ? ਅਸੀਂ ਤਾਂ ਅਕਿਰਤਘਣ ਹਾਂ। ਅਨੇਕਾਂ ਵਸਤਾਂ ਵਾਹਿਗੁਰੂ ਕੋਲੋਂ ਲੈ ਕੇ ਇਕ ਅਪ੍ਰਾਪਤ ਵਸਤ ਲਈ ਉਸ ਨਾਲ ਤਕਰਾਰ ਕਰਨ ਨੂੰ ਤਿਆਰ ਹਾਂ; ਉਸ ਦੇਣਹਾਰ ਦਾਤਾਰ ਦਾ ਸਿਮਰਨ ਛਡ ਕੇ ਆਪਣੇ ਹੀ ਸੁਆਰਥਾਂ ਵਿਚ ਲਗੇ ਰਹਿੰਦੇ ਹਾਂ। ਅਨਗਿਣਤ ਦਾਤਾਂ ਉਹ ਸਾਨੂੰ ਅਣਮੰਗਿਆਂ ਦੇਂਦਾ ਹੈ। ਜੇ ਵਿਚੋਂ ਇਕ ਮੋੜ ਲਵੇ, ਤਾਂ ਅਸੀ ਰੋਸ ਕਰਨ ਤੇ ਉਤਰ ਆਉਂਦੇ ਹਾਂ। ਇਉਂ ਕਰ ਕੇ ਕੀ ਅਸੀ ਆਪਣੀ ਪਰਤੀਤ ਆਪੇ ਨਹੀਂ ਗੁਆ ਲੈਂਦੇ ? ਮਿਥਿਆ ਵਸਤਾਂ ਨਾਲ ਤਾਂ ਮੋਹ ਪਾਲਦੇ ਫਿਰਦੇ ਹਾਂ, ਸਿਮਰਨ ਬਿਨਾ ਦਿਨ ਰਾਤ ਬਿਰਥੇ ਬਿਤਾਈ ਜਾਂਦੇ ਹਾਂ—ਓਡੇ ਹੀ ਬਿਰਥੇ, ਜੇਡੀ ਮੇਘ ਬਿਨ ਖੇਤੀ, ਜਾਂ ਸੂਮ ਦੀ ਦੌਲਤ ਹੁੰਦੀ ਹੈ।

## ਨਾਮ ਸਿਮਰਨ ਦੀ ਪ੍ਰਾਪਤੀ–

ਜ਼ਿੰਦਗੀ ਦਾ, ਜ਼ਿੰਦਗੀ ਤੋਂ ਪਰੇ ਜੇ ਕੋਈ ਮਨੋਰਥ ਹੈ ਤਾਂ ਉਹ ਨਾਮ ਸਿਮਰਨ ਬਿਨਾ ਪ੍ਰਾਪਤ ਨਹੀਂ ਹੋ ਸਕਦਾ। ਜੇ ਸਿਮਰਨ ਮਨੁੱਖ ਮਾਤ੍ਰ ਲਈ ਇਤਨਾ ਹੀ ਲਾਜ਼ਮ ਹੈ ਤਾਂ ਇਸ ਦੀ ਪ੍ਰਾਪਤੀ ਕਿਵੇਂ ਹੋਵੇ ? ਗੁਰੂ ਜੀ ਕਹਿੰਦੇ ਹਨ :

ਕਰਿ ਕਿਰਪਾ ਜਿਸੁ ਆਪਿ ਬੁਝਾਇਆ।
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ।੮। (੧)

ਸਿਮਰਨ ਦੀ ਸੋਝੀ ਤਾਂ ਪ੍ਰਭੂ ਦੀ ਆਪਣੀ ਕਿਰਪਾ ਬਿਨਾ ਨਹੀਂ ਹੋ ਸਕਦੀ। ਇਸ ਲਈ ਸਿਮਰਨ-ਪ੍ਰਾਪਤੀ ਦੀ ਪਹਿਲੀ ਸ਼ਰਤ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਜਾਂ ਉਸ ਦੀ ਨਦਰ ਹੈ। ਇਸ ਨਦਰ ਲਈ ਜੋਦੜੀ, ਬੇਨਤੀ ਹੋ ਸਕਦੀ ਹੈ :


www.AKJ.Org

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ।
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ।੩।੧।੪। (੭੬੧)

ਉਸ ਦੀ ਮੇਹਰ ਦੀ ਸ਼ਰਤ ਦਾ ਤਾਂ ਸੁਖਮਨੀ ਸਾਹਿਬ ਵਿਚ ਬਾਰ ਬਾਰ ਸੰਕੇਤ ਕੀਤਾ ਗਿਆ ਹੈ :

– ਸੇ ਸਿਮਰਹਿ ਜਿਨ ਆਪਿ ਸਿਮਰਾਏ ॥੩॥ (੧)
– ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ।੫। (੧)
– ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ।੭। (੧)
– ਨਾਨਕ ਸਿਮਰਨੁ ਪੂਰੈ ਭਾਗਿ।੮। (੧)

ਪੂਰੇ ਭਾਗ ਹੋਣ ਤਾਂ ਪੂਰਬਲੇ ਕਰਮਾਂ ਦਾ ਅੰਕੁਰ ਫੁਟਦਾ ਹੈ । ਫਿਰ ਰਸਿਕ ਬੈਰਾਗੀ ਸਤਿਗੁਰੂ ਦੇ ਦਰਸ਼ਨ ਹੁੰਦੇ ਹਨ : ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥੨॥੨॥੧੧੯॥ (੨੦੪)

ਸਤਿਗੁਰੂ ਦਾ ਮਿਲਾਪ, ਨਾਮ-ਸਿਮਰਨ ਦੀ ਦੂਜੀ ਸ਼ਰਤ ਹੈ । ਇਹ ਸਤਿਗੁਰੂ ਕਉਣ ਹੈ ਜਿਸ ਦੇ ਅਨੁਯਾਈ ਹੋਇਆਂ ਨਾਮ-ਸਿਮਰਨ ਦਾ ਵਰਦਾਨ ਮਿਲਦਾ ਹੈ ? ਸਤਿਗੁਰੂ ਜੀ ਆਪ ਦੱਸਦੇ ਹਾਂ :

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ (੧੮–ਸਲੋਕ)

ਐਸਾ ਸਤਿਗੁਰੂ ਹੀ ਸਿਖ ਨੂੰ ਨਾਮ ਧਨ ਦੇਂਦਾ ਹੈ, ਇਸ ਲਈ ਕਿਉਂਕਿ ਉਸ ਦੇ ਹਿਰਦੇ ਵਿਚ ਨਾਮ ਹੈ :

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ।੩। (੧੮)

ਪ੍ਰਭੂ ਨੇ ਆਪਣਾ ਨਾਮ, ਆਪਣਾ ਆਪ ਉਸ ਦੇ ਹਿਰਦੇ ਵਿਚ ਟਿਕਾ ਦਿਤਾ ਹੈ, ਗੁਰੂ ਇਸੇ ਨੂੰ ਪਰਗਟ ਕਰਦਾ ਹੈ । ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥੬॥ (ਵਾਰ ਆਸਾ ਮ: ੧)

ਸਤਿਗੁਰੂ ਅੰਮ੍ਰਿਤ ਦ੍ਰਿਸ਼ਟ ਹੈ, ਸਫਲ ਦਰਸ਼ਨ ਹੈ । ਜੋ ਸਿਖ ਗੁਰੂ ਦਾ ਹੋ ਕੇ ਰਹਿੰਦਾ ਹੈ, ਉਸ ਦੀ ਮਤ ਪਰਵਾਨ ਕਰਦਾ ਹੈ, ਨਿਸ਼ਕਾਮ ਸੇਵਾ ਕਰਦਾ ਹੈ, ਉਸੇ ਨੂੰ ਨਾਮ ਦੀ ਦਾਤ ਪ੍ਰਾਪਤ ਹੁੰਦੀ ਤੇ ਪ੍ਰਭੂ ਦਾ ਮਿਲਾਪ ਹੁੰਦਾ ਹੈ ।

**ਆਦਿ ਸਚੁ, ਜੁਗਾਦਿ ਸਚੁ–**

ਇਹ ਪ੍ਰਭੂ ਕਉਣ ਹੈ ਜਿਸ ਨੂੰ ਬਾਣੀ ਕਦੇ ਬ੍ਰਹਮ ਕਹਿੰਦੀ ਹੈ, ਕਦੇ ਨਿਰੰਕਾਰ ਕਹਿੰਦੀ ਹੈ ਤੇ ਕਦੇ ਨਾਮ ਆਖਦੀ ਹੈ । ਸੁਖਮਨੀ ਤੇ ਜਪੁਜੀ ਦੋਹਾਂ ਬਾਣੀਆਂ ਵਿਚ ਇਸ ਨੂੰ ਅਨਾਦੀ ਤੇ ਅਨੰਦ ਸੱਚ ਕਰਕੇ ਮੰਨਿਆ ਗਿਆ ਹੈ:

ਆਦਿ ਸਚੁ ਜੁਗਾਦਿ ਸਚੁ ।
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ।੧। (੧੭–ਸਲੋਕ)

ਓਹੀ ਨਿਰਗੁਣ ਨਿਰੰਕਾਰ ਬ੍ਰਹਮ ਹੈ; ਓਹੀ ਸਰਗੁਣ ਸਾਕਾਰ ਈਸ਼ਵਰ ਹੈ । ਓਹੀ ਨਾਮ ਹੈ :

ਸਰਗੁਨ ਨਿਰਗੁਨ ਨਿਰੰਕਾਰ ਸੁੰਨਿ ਸਮਾਧੀ ਆਪਿ ।੧। (੨੧–ਸਲੋਕ)

ਸਿਰਜਨਾ ਤੋਂ ਪਹਿਲਾਂ ਓਹੀ ਆਪਣੀ ਸੁੰਨ ਸਮਾਧੀ ਅਥਵਾ ਅਫੁਰ ਅਵਸਥਾ ਵਿਚ ਵਰਤ ਰਿਹਾ ਸੀ । ਤਦ ਉਸ ਨੇ ਸਿਰਜਨਾ ਦਾ ਖੇਲ ਖਿਲਾਰ ਦਿਤਾ :

ਆਪਨ ਖੇਲੁ ਆਪਿ ਵਰਤੀਜਾ ।
ਨਾਨਕ ਕਰਨੈਹਾਰੁ ਨ ਦੂਜਾ ।੧। (੨੧)

ਆਪਣੀ ਸਿਰਜਨਾ ਵਿਚ ਵੀ ਆਪ ਹੀ ਏਕ ਤੋਂ ਅਨੇਕ ਹੋ ਕੇ ਵਰਤ ਰਿਹਾ ਹੈ :

ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ।
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸ਼ਟਾਰ ।੧। (੨੨–ਸਲੋਕ)



www.AKJ.Org

ਫਿਰ ਇਸ ਸਾਰੇ ਖੇਡ-ਖਿਲਾਰੇ ਦੀ ਨਿਗਰਾਨੀ ਭੀ ਆਪ ਹੀ ਕਰਦਾ ਹੈ :

ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥ (੨੧)

ਅਥਵਾ ਅੰਤ ਜਦ ਖੇਡ-ਖਿਲਾਰਾ ਸਮੇਟ ਲੈਂਦਾ ਹੈ ਤਾਂ ਨਿਹਕੇਵਲ ਆਪ ਹੀ ਆਪੇ ਵਿਚ ਸਥਿਤ ਹੋ ਜਾਂਦਾ ਹੈ। ਇਉਂ ਕਈ ਵਾਰ ਉਸ ਨੇ ਰਚਨਾ ਸਿਰਜੀ ਤੇ ਕਈ ਵਾਰ ਸਮੇਟ ਲਈ, ਤੇ ਹਰ ਵਾਰ ਸਮੇਟਣ ਤੋਂ ਬਾਅਦ ਆਪ ਹੀ ਇਕ ਹੋ ਕੇ ਬਣਿਆ ਰਿਹਾ :

ਕਈ ਬਾਰ ਪਸਰਿਓ ਪਾਸਾਰ।
ਸਦਾ ਸਦਾ ਇਕੁ ਏਕੰਕਾਰ।੭। (੧੦)

ਇਉਂ ਸਿਰਜਨ ਤੇ ਵਿਸਰਜਨ ਦੋਨਾਂ ਪੱਖਾਂ ਦਾ ਉਹ ਆਪ ਹੀ ਮਾਲਕ ਹੈ :

ਦੂਹੂ ਪਾਖ ਕਾ ਆਪਹਿ ਧਨੀ।
ਉਨ ਕੀ ਸੋਭਾ ਉਨਹੂ ਬਨੀ ।੮। (੨੧)

ਉਸ ਦੀ ਸਿਰਜਨਾ ਅਸੱਤ ਜਾਂ ਮਿਥਿਆ ਨਹੀਂ। ਉਹ ਸੱਤ ਹੈ, ਕਿਉਂਕਿ ਉਹ ਉਸ ਪਰਮ ਸਤ ਵਿਚੋਂ ਹੀ ਨਿਕਲੀ, ਉਸੇ ਦੀ ਸਿਰਜੀ ਹੋਈ ਹੈ :—

ਆਪਿ ਸਤਿ ਕੀਆ ਸਭੁ ਸਤਿ।
ਤਿਸੁ ਪ੍ਰਭ ਤੇ ਸਗਲੀ ਉਤਪਤਿ ।੫। (੨੩)

ਚੰਗਾ ਮੰਦਾ ਸਭ ਉਸੇ ਨੇ ਸਾਜਿਆ ਹੈ। ਇਕ ਪਾਸੇ ਕਰੋੜਹਾ ਤਪੱਸਵੀ, ਪੁਜਾਰੀ, ਤੀਰਥ-ਵਾਸੀ, ਵੇਦ-ਵਕਤਾ, ਧਿਆਨੀ, ਕਵੀ, ਸੁਭ ਆਚਰਣ ਵਾਲੇ, ਨਾਮ ਸਿਮਰਨ ਵਾਲੇ ਇਤਿਆਦਿ ਰਚੇ ਹਨ। ਦੂਜੇ ਪਾਸੇ ਅਨੇਕਾਂ ਅਭਿਮਾਨੀ, ਅਗਿਆਨੀ, ਸੂਮ, ਕਠੋਰ, ਚੋਰ, ਦੋਖੀ, ਮਾਇਆਧਾਰੀ ਆਦਿ ਵੀ ਸਿਰਜੇ ਹਨ।† ਗੁਰਮਤਿ ਵਿਚ ਚੰਗੇ ਤੇ ਮੰਦੇ, ਨੇਕੀ ਤੇ ਬਦੀ ਦੋਹਾਂ ਦਾ ਸਿਰਜਕ ਆਪ ਅਕਾਲ ਪੁਰਖ ਹੈ। ਇਬਰਾਨੀ ਮਤਾਂ ਵਿਚ ਚੰਗਿਆਈ ਦਾ ਸਿਰਜਕ ਰੱਬ, ਤੇ ਬੁਰਿਆਈ ਦਾ ਪ੍ਰੇਰਕ ਸ਼ੈਤਾਨ ਮੰਨਿਆ ਜਾਂਦਾ ਹੈ। ਗੁਰਮਤਿ ਦੀ ਇਹ ਮਨੌਤ ਨਹੀਂ। ਗੁਰਮਤਿ ਅਨੁਸਾਰ ਜਿਵੇਂ ਸੂਰਜ ਧੁੱਪ ਤੇ ਛਾਂ ਦੋਹਾਂ ਦਾ ਸਿਰਜਕ ਹੈ, ਤਿਵੇਂ ਰੱਬ ਹੀ ਚੰਗਿਆਈ ਤੇ ਬੁਰਿਆਈ ਦੋਹਾਂ ਦਾ ਕਰਤਾ ਹੈ। ਜਿਵੇਂ ਛਾਂ, ਸੂਰਜ ਤੋਂ ਓਦੋਂ ਉਤਪੰਨ ਹੁੰਦੀ ਹੈ ਜਦੋਂ ਵਿਚ ਕੋਈ ਉਹਲਾ ਹੋਵੇ, ਓਵੇਂ ਬੁਰਿਆਈ ਦੇ ਉਤਪੰਨ ਹੋਣ ਲਈ ਵੀ ਉਹਲਾ ਦਰਕਾਰ ਹੈ। ਇਹ ਉਹਲਾ ਹਉਮੈ ਦਾ ਹੈ। ਹਉਮੈ ਹੀ ਉਹ ਕੂੜਾਵੀ ਕੰਧ ਹੈ ਜਿਸ ਨੇ ਸੂਰਜਾਂ ਦੇ ਸੂਰਜ ਤੋਂ ਸਾਡਾ ਉਹਲਾ ਬਣਾ ਕੇ ਸਾਡੇ ਅੰਦਰ ਅੰਧਕਾਰ ਬਣਾ ਰਖਿਆ ਹੈ। ਇਹ ਕੰਧ ਟੁੱਟੇ ਤਾਂ ਹੀ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਤਦੇ ਤਾਂ ਜਪੁਜੀ ਸਾਹਿਬ ਦਾ ਮੂਲ ਪ੍ਰਸ਼ਨ ਹੈ :—ਕਿਵ ਕੂੜੈ ਤੁਟੈ ਪਾਲਿ ।੧।

ਜਿਸ ਪਾਸੇ ਉਹ ਕਿਸੇ ਨੂੰ ਲਾ ਦੇਂਦਾ ਹੈ, ਉਧਰ ਹੀ ਉਹ ਲਗ ਪੈਂਦਾ ਹੈ :

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ।
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ।੧। (੧੦)

ਇਉਂ ਆਪਣੇ ਸਿਰਜੇ ਪਰਪੰਚ ਦਾ ਜਾਣੂ ਵੀ ਉਹ ਆਪ ਹੀ ਹੈ, ਉਸ ਤੋਂ ਭਿੰਨ ਕੁਝ ਵੀ ਨਹੀਂ। ਸਾਰਾ ਸੰਸਾਰ ਉਸ ਦੇ ਨਿਯੰਤ੍ਰਣ ਵਿਚ ਹੈ। ਜੀਅ ਜੰਤ ਸਭ ਉਸ ਦੇ ਹੱਥ ਵਿਚ ਹਨ। ਜਿਸ ਨੂੰ ਉਹ ਬਚਾਈ ਰਖੇ, ਕੋਈ ਮਾਰ ਨਹੀਂ ਸਕਦਾ। ਜਿਸ ਨੂੰ ਉਹ ਵਿਸਾਰ ਦੇਵੇ, ਕੋਈ ਬਚਾ ਨਹੀਂ ਸਕਦਾ। ਜ਼ਿੰਦਗੀ ਦੀ ਸਾਰੀ ਜੁਗਤ ਉਸ ਦੇ ਹੱਥ ਵਿਚ ਹੈ। ਸਾਰੇ ਜੀਆਂ ਦੀ ਉਹ ਆਪ ਹੀ ਪ੍ਰਤਿਪਾਲਨਾ ਕਰਦਾ ਹੈ, ਰਾਖੀ ਕਰਦਾ ਹੈ। ਸਭਸੇ ਅੰਦਰ ਵਰਤਦਾ ਹੈ। ਸਾਰਿਆਂ ਉਪਰ ਮੇਹਰ ਕਰਦਾ ਹੈ। ਜਿਸ ਨੂੰ ਚਾਹੁੰਦਾ ਹੈ, ਆਪਣੇ ਲੜ ਲਾ ਲੈਂਦਾ ਹੈ। ਅਸਾਂ ਸੇਵਕਾਂ ਨੂੰ ਤਾਂ ਸੇਵਾ ਹੀ ਬਣ ਆਉਂਦੀ ਹੈ। ਉਸ ਦਾ ਹੁਕਮ ਮੰਨ ਕੇ ਹੀ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ।

† ਏਹੋ ਵਿਚਾਰ ਜਪੁਜੀ ਸਾਹਿਬ ਦੀਆਂ 'ਅਸੰਖ' ਵਾਲੀਆਂ ਪਉੜੀਆਂ ਤੇ "ਅਸੰਖ ਚੋਰ ਹਰਾਮ,ਖੋਰ..." ਵਿਚ ਵੀ ਆਏ ਹਨ।


www.AKJ.Org

ਜੋ ਕੁਝ ਵੀ, ਜਿਥੇ ਕਿਤੇ ਵੀ ਵਾਪਰ ਰਿਹਾ ਹੈ, ਸਭ ਕਾਸੇ ਦਾ ਕਾਰਣ ਉਹ ਆਪ ਹੀ ਹੈ। ਕਾਰਣਾਂ ਦਾ ਕਾਰਣ ਵੀ ਉਹ ਆਪ ਹੀ ਹੈ :

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ।
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ।੧। (੧੧–ਸਲੋਕ)

**ਸਾਧ ਸੰਗ–**

ਐਸੇ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਸਾਧਨ ਤਾਂ ਗੁਰੂ ਦੀ ਕਿਰਪਾ ਹੈ, ਪਰ ਇਸ ਵਿਚ ਸਾਧ-ਸੰਗਤ ਦੀ ਬੜੀ ਸਹਾਇਤਾ ਹੈ :

ਸਾਧ ਕੈ ਸੰਗਿ ਮੁਖ ਊਜਲ ਹੋਤ। ਸਾਧ ਸੰਗਿ ਮਲੁ ਸਗਲੀ ਖੋਤ।
ਸਾਧ ਕੈ ਸੰਗਿ ਮਿਟੈ ਅਭਿਮਾਨੁ। ਸਾਧ ਕੈ ਸੰਗਿ ਪ੍ਰਗਟੈ ਸੁ ਗਿਆਨੁ।
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ। ਸਾਧ ਸੰਗਿ ਸਭੁ ਹੋਤ ਨਿਬੇਰਾ। ...੧। (੭)

ਇਹ ਸਾਰੀ (ਸਤਵੀਂ) ਅਸ਼ਟਪਦੀ ਸਾਧ ਸੰਗ ਦੀ ਸੋਭਾ ਵਰਣਨ ਕਰਦੀ ਹੈ। ਸਾਧੂ (ਜਾਂ ਗੁਰੂ) ਤੋਂ ਕੁਰਬਾਨ ਹੋਣਾ ਹੀ ਬਣਦਾ ਹੈ। ਤਾਂ ਵੀ ਪ੍ਰਭੂ ਦੀ ਮੇਹਰ ਤੋਂ ਬਿਨਾ ਪ੍ਰਾਪਤੀ ਅਸੰਭਵ ਹੈ। ਇਸ ਲਈ ਉਸ ਦੀ ਸਰਨੀ ਪੈ ਕੇ ਅਰਦਾਸ ਜੋਦੜੀ ਕਰਨੀ ਹੀ ਬਣਦੀ ਹੈ :

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ।
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ।੧। (੨੦–ਸਲੋਕ)

ਜਾਚਕ ਹੋ ਕੇ ਨਾਮ ਦੀ ਜਾਚਨਾ ਕਰਨੀ ਬਣਦੀ ਹੈ। ਉਸ ਦੀ ਕਿਰਪਾ ਤੋਂ ਬਿਨਾ ਮਹਾਨ ਸੁਖ ਅਥਵਾ ਆਤਮ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਨਾਮ ਰਸ ਦੀ ਪ੍ਰਾਪਤੀ ਉਸੇ ਦੀ ਮੇਹਰ ਤੋਂ ਹੈ :

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ। ਹਰਿ ਰਸੁ ਪਾਵੈ ਬਿਰਲਾ ਕੋਇ।
ਜਿਨ ਚਾਖਿਆ ਸੇ ਜਨ ਤ੍ਰਿਪਤਾਨੇ। ਪੂਰਨ ਪੁਰਖ ਨਹੀ ਡੋਲਾਨੇ।
ਸੁਭਰ ਭਰੇ ਪ੍ਰੇਮ ਰਸ ਰੰਗਿ। ਉਪਜੈ ਚਾਉ ਸਾਧ ਕੈ ਸੰਗਿ ।੨। (੨੦)

**ਹਰਿ ਰਸ–**

ਇਥੇ ਗੱਲ ਹਰਿ ਰਸ ਜਾਂ ਪ੍ਰੇਮ-ਰਸ ਦੀ ਹੋਈ ਹੈ। ਇਹ ਰਸ ਕਿਹੜਾ ਹੈ ? ਰਸ ਦੀ ਗੱਲ ਸਾਹਿੱਤ, ਵਿਸ਼ੇਸ਼ ਕਰ ਕਾਵਿ, ਦੇ ਸੰਦਰਭ ਵਿਚ ਵੀ ਕੀਤੀ ਜਾਂਦੀ ਹੈ, ਤੇ ਧਰਮ, ਵਿਸ਼ੇਸ਼ ਕਰ ਭਗਤੀ, ਦੇ ਸੰਦਰਭ ਵਿਚ ਵੀ। ਛਾਂਦੋਗਯ ਉਪਨਿਸ਼ਦ ਅਨੁਸਾਰ : ਭੂਤਾਂ ਦਾ ਰਸ ਪ੍ਰਿਥਵੀ ਹੈ, ਪ੍ਰਿਥਵੀ ਦਾ ਰਸ ਜਲ, ਜਲ ਦਾ ਰਸ ਔਸ਼ਧੀਆਂ, ਔਸ਼ਧੀਆਂ ਦਾ ਰਸ ਪੁਰਸ਼, ਪੁਰਸ਼ ਦਾ ਰਸ ਬਾਣੀ, ਬਾਣੀ ਦਾ ਰਸ ਰਿਚਾ ਅਥਵਾ ਮੰਤ੍ਰ, ਰਿਚਾ ਦਾ ਰਸ ਸ਼ਾਮ ਵੇਦ, ਤੇ ਸ਼ਾਮ ਦਾ ਉਦਗੀਤ (ਓਅੰ) ਹੈ। ਇਉਂ ਸਥੂਲ ਤੋਂ ਸੂਖਮ ਵਲ ਨੂੰ ਕਰਦੀ ਯਾਤ੍ਰਾ ਬ੍ਰਹਮ ਨੂੰ ਪਰਮ ਰਸ ਪਰਵਾਨ ਕਰਦੀ ਹੈ। ਤੈਤ੍ਰੀਯ ਉਪਨਿਸ਼ਦ ਵਿਚ ਵੀ ਬ੍ਰਹਮ ਨੂੰ ਰਸ ਰੂਪ ਕਰਕੇ ਹੀ ਮੰਨਿਆ ਗਿਆ ਹੈ। ਇਉਂ ਉਪਨਿਸ਼ਦਾਂ ਵਿਚ ਬ੍ਰਹਮ ਨੂੰ ਸਰਬ ਰਸਾਂ ਦਾ ਸੋਮਾ ਕਰਕੇ ਸ੍ਵੀਕਾਰ ਕੀਤਾ ਗਿਆ ਹੈ।

ਉਪਨਿਸ਼ਦਾਂ ਵਿਚ ਤਾਂ ਬ੍ਰਹਮ ਰਸ ਦੀ ਗੱਲ ਹੋਈ ਹੈ, ਪਰ ਇਨ੍ਹਾਂ ਤੋਂ ਉਪਰੰਤ ਕਈ ਸਦੀਆਂ ਲਈ ਭਾਰਤੀ ਧਰਮ-ਸਾਹਿੱਤ ਵਿਚ ਇਸ ਪਾਸੇ ਕੋਈ ਸੰਕੇਤ ਨਹੀਂ ਹੋਇਆ ਜਾਪਦਾ। ਐਪਰ ਸਾਹਿਤਾਚਾਰੀਆਂ ਨੇ ਕਾਵਿ ਰਸ ਤੇ ਨਾਟ ਰਸ ਦੀ ਗੱਲ ਆਪਣੇ ਵਾਦ-ਵਿਵਾਦਾਂ ਵਿਚ ਚਲਾਈ ਰਖੀ। ਸੋਲਵੀਂ ਸਦੀ ਵਿਚ ਜਾ ਕੇ ਰੂਪ ਗੋਸਵਾਮੀ ਨੇ ਰਸ ਦਾ ਸੰਬੰਧ ਪ੍ਰਭੂ-ਭਗਤੀ ਨਾਲ ਜੋੜ ਕੇ ਧਰਮ-ਸਾਹਿੱਤ ਵਿਚ ਇਸ ਦੀ ਚਰਚਾ ਮੁੜ ਚਲਾਈ। ਸਾਹਿਤਾਚਾਰੀਆਂ ਨੇ ਭਗਤੀ ਨੂੰ ਵਖਰਾ ਰਸ ਨਹੀਂ ਸੀ ਮੰਨਿਆ। ਉਹਨਾਂ ਇਸ ਨੂੰ ਸ਼ਿੰਗਾਰ ਦਾ ਰੂਪਾਂਤਰ ਹੀ ਮੰਨਿਆ ਸੀ। ਰੂਪ


www.AKJ.Org

ਗੋਸਵਾਮੀ ਨੇ ਭਗਤੀ ਨੂੰ ਨ ਕੇਵਲ ਵਖਰਾ ਭਾਵ ਹੀ ਮੰਨਿਆ, ਸਗੋਂ ਇਸ ਨੂੰ ਇਕ ਮੂਲ ਭਾਵ ਕਰਕੇ ਪਰਵਾਨ ਕੀਤਾ। ਇਸ ਦਾ ਸਿਖਰ, ਉਸ ਦੇ ਮੱਤ ਅਨੁਸਾਰ, ਮਧੁਰ ਭਾਵ ਦੇ ਰੂਪ ਵਿਚ ਵਿਦਮਾਨ ਹੁੰਦਾ ਹੈ।

## ਕਾਵਿ ਰਸ ਤੇ ਭਗਤੀ ਰਸ–

ਕਾਵਿ ਰਸ ਤੇ ਭਗਤੀ ਰਸ ਵਿਚਾਲੇ ਕੁਝ ਬੁਨਿਆਦੀ ਅੰਤਰ ਨਿਖੇੜੇ ਗਏ ਹਨ। ਕਾਵਿ ਰਸ ਮਾਇਆ-ਨਿਸ਼ਟ ਹੈ, ਭਗਤੀ ਰਸ ਬ੍ਰਹਮ-ਨਿਸ਼ਟ। ਪਹਿਲੇ ਦੀ ਸਾਮਗਰੀ ਲੌਕਿਕ ਹੈ, ਦੂਜੇ ਦੀ ਅਲੌਕਿਕ। ਭਗਤੀ ਰਸ ਲੋਕ ਸਾਮਗਰੀ ਤੋਂ ਵੀ ਪੈਦਾ ਹੋ ਸਕਦਾ ਹੈ, ਪਰ ਉਸ ਦਾ ਰਸ-ਆਸਵਾਦਨ ਭਾਗਵਦ-ਭਗਤੀ ਰਾਹੀਂ ਹੀ ਪੈਦਾ ਹੁੰਦਾ ਹੈ।

ਕਾਵਿ ਰਸ ਚਿੱਤ ਦਾ ਵਿਸ਼ਾ ਹੈ। ਇਹ ਚਿੱਤ-ਬਿਰਤੀਆਂ ਤੋਂ ਉਤਪੰਨ ਹੁੰਦਾ ਹੈ। ਇਸ ਲਈ ਇਹ ਬਿਰਤੀਆਂ ਵਾਂਗਰ ਹੀ ਥੁੜ-ਜੀਵਾ ਹੈ। ਲੌਕਿਕ ਹੋਣ ਕਾਰਣ ਇਹ ਵਸਤੂ-ਨਿਸ਼ਟ ਬਣਿਆ ਰਹਿੰਦਾ ਹੈ। ਇਸ ਲਈ ਇਸ ਦੀ ਗਹਿਰਾਈ ਬਹੁਤੀ ਨਹੀਂ ਹੁੰਦੀ। ਇਸ ਦੇ ਟਾਕਰੇ ਤੇ ਭਗਤੀ ਰਸ ਚਿੱਤ-ਦ੍ਰਤੀ ਤੋਂ ਪੈਦਾ ਹੁੰਦਾ ਹੈ, ਚਿਤ-ਬ੍ਰਿਤੀ ਤੋਂ ਨਹੀਂ। ਚਿੱਤ ਦ੍ਰਤੀ ਦਾ ਅਰਥ ਹੈ ਚਿੱਤ ਦਾ ਦ੍ਰਵਣਾ। ਇਸ ਰਾਹੀਂ ਚਿੱਤ ਪਿਘਲ ਕੇ ਕਿਸੇ ਸਥਿਤੀ, ਵਸਤੂ ਜਾਂ ਰਚਨਾ ਵਿਚ ਖੁੱਭ ਜਾਂਦਾ ਹੈ। ਇਉਂ ਇਕਾਗਰਤਾ ਉਸ ਦੀ ਮੁਦ੍ਰਾ ਹੋ ਜਾਂਦੀ ਹੈ, ਤੇ ਤਨਾਓ ਸਮਾਪਤ ਹੋ ਜਾਂਦੇ ਹਨ। ਵਿਸ਼ੈ-ਇੰਦਰੀਆਂ ਸ਼ਾਂਤ ਹੋ ਜਾਂਦੀਆਂ ਹਨ, ਤੇ ਮਨ ਟਿਕਾਓ ਵਿਚ ਆ ਜਾਂਦਾ ਹੈ। ਸੁਖਮਨੀ ਸਾਹਿਬ ਵਿਚ ਦ੍ਰਵਣ ਦੀ ਇਸ ਪ੍ਰਕਿਰਿਆ ਵਲ ਉਚੇਚਾ ਸੰਕੇਤ ਹੈ:

> ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ। ਹਰਿ ਦਰਗਹ ਕਹੁ ਕੈਸੇ ਗਾਵੈ ? ੩ (੧੨)

ਕਾਵਿ ਰਸ ਭੋਗਿਆ ਜਾਂਦਾ ਹੈ। ਭੋਗਣਹਾਰ ਲਈ ਸੁਹਿਰਦ ਦੇ ਗੁਣ ਲਾਜ਼ਮ ਹਨ। ਭੋਗਣਹਾਰ, ਭੋਗ ਤੋਂ ਮਗਰੋਂ ਪਹਿਲੇ ਵਾਂਗ ਹੀ ਨਿੱਗਰ-ਚਿੱਤ ਹੋ ਜਾਂਦਾ ਹੈ। ਇਸਦੇ ਟਾਕਰੇ ਤੇ ਭਗਤੀ ਰਸ ਭੋਗਿਆ ਨਹੀਂ, ਮਾਣਿਆ ਜਾਂਦਾ ਹੈ, ਮਾਣਨਹਾਰ ਵਿਚ ਭਗਤ ਦੇ ਲੱਛਣ ਹੋਣੇ ਲਾਜ਼ਮ ਹਨ:

> ਭਗਉਤੀ ਭਗਵੰਤ ਭਗਤਿ ਕਾ ਰੰਗੁ। ਸਗਲ ਤਿਆਗੈ ਦੁਸਟ ਕਾ ਸੰਗੁ।
> ਮਨ ਤੇ ਬਿਨਸੈ ਸਗਲਾ ਭਰਮੁ। ਕਰਿ ਪੂਜੈ ਸਗਲ ਪਾਰਬ੍ਰਹਮੁ।
> ਸਾਧ ਸੰਗਿ ਪਾਪਾ ਮਲੁ ਖੋਵੈ। ਤਿਸੁ ਭਗਉਤੀ ਕੀ ਮਤਿ ਊਤਮ ਹੋਵੈ।
> ਭਗਵੰਤ ਕੀ ਟਹਲ ਕਰੈ ਨਿਤ ਨੀਤਿ। ਮਨੁ ਤਨੁ ਅਰਪੈ ਬਿਸਨ ਪਰੀਤਿ।
> ਹਰਿ ਕੇ ਚਰਨ ਹਿਰਦੈ ਬਸਾਵੈ। ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ।੩। (੯)

ਕਾਵਿ ਰਸ ਲੌਕਿਕ ਆਨੰਦ ਹੋਣ ਕਰਕੇ ਨ ਪੂਰਣ ਹੈ ਤੇ ਨ ਸਥਾਈ। ਭਗਤੀ ਰਸ ਵਿਚ, ਇਸ ਦੇ ਟਾਕਰੇ,

> ਸਦਾ ਅਨੰਦੁ ਤਹ ਨਹੀ ਬਿਓਗੁ।੭। (੯)

ਦੂਜੇ ਸ਼ਬਦਾਂ ਵਿਚ ਭਗਤੀ ਰਸ ਭੋਗ ਦੀ ਥਾਂ ਜੋਗ ਦਾ ਰਸ ਹੈ। ਇਸ ਅੰਦਰ ਗਹਿਰਾਈ ਵੀ ਹੈ, ਚਿਰਜੀਵਤਾ ਵੀ, ਤੇ ਦ੍ਰਵਿਆ ਹੋਇਆ ਚਿੱਤ ਦ੍ਰਵਿਆ ਹੀ ਰਹਿੰਦਾ ਹੈ, ਮੁੜ ਨਿੱਗਰ ਨਹੀਂ ਹੋਂਦਾ।

## ਭਗਤੀ ਰਸ ਤੇ ਨਾਮ ਰਸ–

ਗੁਰਮਤਿ ਦਾ ਨਾਮ ਰਸ ਭਗਤੀ ਪਰੰਪਰਾ ਦੇ ਭਗਤੀ ਰਸ ਤੋਂ ਰਤਾ ਕੁ ਵਖਰੀ ਤਰ੍ਹਾਂ ਦਾ ਰਸ ਸਮਝਣਾ ਚਾਹੀਦਾ ਹੈ। ਇਹਨਾਂ ਵਿਚਾਲੇ ਵੱਡਾ ਅੰਤਰ ਤਾਂ ਇਹ ਹੈ ਕਿ ਜਿਥੇ ਭਗਤੀ ਰਸ ਕੇਵਲ ਸਰਗੁਣ ਬ੍ਰਹਮ ਨਾਲ ਸੰਬੰਧਤ ਹੈ, ਉਥੇ ਨਾਮ ਰਸ ਨਿਰਗੁਣ ਬ੍ਰਹਮ ਤੇ ਸਰਗੁਣ ਬ੍ਰਹਮ ਦੀ ਅਭੇਦਤਾ ਨਾਲ ਜੁੜਿਆ ਹੋਇਆ ਹੈ।

ਗੁਰੂ ਜੀ ਨੇ ਨਿਰਗੁਣ ਬ੍ਰਹਮ ਨੂੰ ਪਾਰਬ੍ਰਹਮ, ਨਿਰੰਕਾਰ, ਨਿਰੰਜਨ ਆਦਿ ਸੰਗਿਆਵਾਂ ਰਾਹੀਂ ਸੰਬੋਧਨ ਕੀਤਾ ਹੈ; ਤੇ ਸਰਗੁਣ ਬ੍ਰਹਮ ਨੂੰ ਮੋਹਨ, ਗੋਬਿੰਦ, ਹਰੀ, ਰਾਮ ਆਦਿ ਸ਼ਬਦਾਂ ਦੁਆਰਾ। ਸੰਬੰਧ ਵੀ ਦੋਨਾਂ ਨਾਲ ਜੋੜੇ ਹਨ। ਪਰ, ਗੱਲ ਨ ਸੰਬੋਧਨ ਦੀ ਹੈ ਨ ਸੰਬੰਧ ਦੀ; ਸਗੋਂ ਅਸਲ ਗੱਲ ਇਹਨਾਂ ਦੋਨਾਂ ਪਿਛੇ ਵਰਤਦੀ ਅਨੁਭੂਤੀ ਦੀ ਹੈ। ਗੁਰੂ ਜੀ ਨੇ ਬ੍ਰਹਮ ਨਾਲ ਵਾਤਸਲ, ਰਤੀ, ਸਖਾ ਭਾਵ, ਦਾਸਤਵ ਆਦਿ ਕਈ ਪ੍ਰਕਾਰ ਦੇ ਸੰਬੰਧ ਕਾਇਮ ਕਰ ਕੇ ਵੀ



www.AKJ.Org

ਨਾਮ ਦੀ ਦਾਤ ਹੀ ਮੰਗੀ ਹੈ–ਨਾਮ, ਜੋ ਨਿਰਗੁਣ ਤੇ ਸਰਗੁਣ ਦਾ ਸੰਯੋਜਕ ਹੈ। ਨਾਮ ਰਸ ਹੀ ਇਕੋ ਇਕ ਸਾਧਨ ਹੈ ਜਿਸ ਰਾਹੀਂ ਨਿਰਗੁਣ ਤੇ ਸਰਗੁਣ ਦੀਆਂ ਸੀਮਾਵਾਂ ਮੇਲੀਆਂ ਜਾ ਸਕਦੀਆਂ ਹਨ ਤੇ ਦੋਹਾਂ ਦੀ ਸਮਰੂਪਤਾ ਤੋਂ ਜਾਣੂ ਹੋਇਆ ਜਾ ਸਕਦਾ ਹੈ :

ਨਿਰਗੁਨੁ ਆਪਿ ਸਰਗੁਨੁ ਭੀ ਓਹੀ।
ਕਲਾ ਧਾਰਿ ਜਿਨਿ ਸਗਲੀ ਮੋਹੀ ।੮। (੧੮)

ਭਗਤੀ ਰਸ ਦਾ ਆਲੰਬਨ ਅਵਤਾਰਾਂ ਦੀਆਂ ਮੂਰਤੀਆਂ ਜਾਂ ਉਹਨਾਂ ਦੀ ਲੀਲ੍ਹਾ ਦੀ ਸਿਮਰਿਤੀ ਤੋਂ ਹੁੰਦਾ ਹੈ। ਨਾਮ ਰਸ ਦਾ ਆਲੰਬਨ ਨਿਰਗੁਣ ਬ੍ਰਹਮ ਦੀ ਅਕੱਥਤਾ, ਸਰਗੁਣ ਬ੍ਰਹਮ ਦੀਆਂ ਵਡਿਆਈਆਂ ਤੇ ਦੋਹਾਂ ਦੇ ਮਿਸ੍ਰਿਤ ਰੂਪ ਨਾਮ ਦੀ ਮਹਿਮਾ ਤੋਂ ਹੁੰਦਾ ਹੈ। ਕਥਾ, ਕੀਰਤਨ ਤੇ ਅਰਦਾਸ ਇਸ ਦੀ ਉਦੀਪਨਾ ਦੇ ਉਚੇਚੇ ਸਾਧਨ ਬਣਦੇ ਹਨ। ਇਹੋ ਸਿਖੀ ਦੀ ਪਰਾ-ਭਗਤੀ ਹੈ। ਇਸ ਵਿਚ ਸਿਫ਼ਤ ਸਲਾਹ ਸੱਚੇ ਨਾਮ ਦੀ ਹੀ ਹੈ।

ਇਉਂ ਨਾਮ ਸਾਧਨ ਵੀ ਹੈ ਤੇ ਸਾਧਯ ਵੀ; ਸਮੂਰਤ ਵੀ ਹੈ, ਅਮੂਰਤ ਵੀ; ਅੰਸ਼ ਵੀ ਹੈ, ਤੱਤ ਵੀ, ਤੇ ਸੱਤ ਵੀ। ਤੇ ਸੁਖਮਨੀ ਇਸੇ ਦੇ ਅੰਮ੍ਰਿਤ ਸੁਖ (ਰਸ) ਦਾ ਸੰਚਾਰ ਕਰਦੀ ਹੈ :

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
ਭਗਤ ਜਨਾ ਕੈ ਮਨਿ ਬਿਸ੍ਰਾਮੁ॥ ਰਹਾਉ॥ (੧)

---

# ਸਦਾ ਹੀ ਨੇਕ ਅਮਲਾਂ ਦੇ ਭਲੇ ਅੰਜਾਮ ਹੁੰਦੇ ਨੇ

[ ਸ: ਉਜਾਗਰ ਸਿੰਘ ਜੀ ਉਲਫ਼ਤ ]

ਸਦਾ ਹੀ ਨੇਕ ਅਮਲਾਂ ਦੇ ਭਲੇ ਅੰਜਾਮ[1] ਹੁੰਦੇ ਨੇ।
ਜ਼ਿਕਰ ਮਰਦੇ-ਮਜਾਹਿਦ[2] ਦੇ, ਸੁਬਾਹ ਤੇ ਸ਼ਾਮ ਹੁੰਦੇ ਨੇ।

ਹਾਂ ਸੱਚੇ ਇਸ਼ਕ ਦੀ ਮਨਜ਼ਲ, ਜਾਏ ਸਿੱਧੀ ਬਹਿਸ਼ਤਾਂ ਨੂੰ,
ਜਦੋਂ ਨੇ ਡੋਲਦੇ ਬੰਦੇ, ਉਦੋਂ ਬਦਨਾਮ ਹੁੰਦੇ ਨੇ।

ਜੋ ਸਾਕੀ[3] ਨੇ ਦਿਲੋਂ ਬਣਦੇ,ਉਸ ਦੀ ਪੁਰ-ਕੈਫ਼[4] ਮਹਿਫ਼ਲ ਦੇ,
ਸਦਾ ਉਲਫ਼ਤ[5] ਭਰੇ 'ਉਲਫ਼ਤ' ਉਹਨਾਂ ਦੇ ਜਾਮ ਹੁੰਦੇ ਨੇ।

ਕਦੇ ਗ਼ਰਜ਼ਾਂ ਚਿ ਫਸਦੇ ਨਾ, ਉਹ ਸੱਚੇ ਪ੍ਰੇਮ ਦੇ ਪਾਂਧੀ,
ਸਿਦਕ ਭਰਪੂਰ ਆਸ਼ਕ ਹੀ, ਸਦਾ ਨਿਸ਼ਕਾਮ ਹੁੰਦੇ ਨੇ।

ਜੋ ਮਰਦੇ ਨੇ ਵਤਨ ਖ਼ਾਤਰ, ਲਗਾ ਕੇ ਹੱਕ ਦਾ ਨਾਅਰਾ,
ਸਦਾ ਹੀ ਲੋਕ-ਜੇਭਾ ਤੇ, ਉਹਨਾਂ ਦੇ ਨਾਮ ਹੁੰਦੇ ਨੇ।

ਜੋ ਆਸ਼ਕ ਅਣਖ ਦੀ ਖ਼ਾਤਰ, ਚੜ੍ਹਦੇ ਸੂਲੀਆਂ ਉਤੇ,
ਮੜ੍ਹੀ ਉਹਨਾਂ ਦੀ ਨੂੰ 'ਉਲਫ਼ਤ' ਸਦਾ ਪ੍ਰਣਾਮ ਹੁੰਦੇ ਨੇ।

ਜੋ ਭੱਜ ਜਾਂਦੇ ਨੇ ਡਰ ਮੌਤੋਂ, ਪੁਗਾਂਦੇ ਅਹਿਦ[6] ਨਹੀਂ ਆਪਣੇ,
ਉਹ ਲੀਡਰ ਕੌਮ ਦੇ ਬਦਨਾਮ ਤੇ ਨਾਕਾਮ ਹੁੰਦੇ ਨੇ।

('ਉਲਫਤ ਗ਼ਜ਼ਲਾਂ' ਚੋਂ

---

1. ਨਤੀਜਾ, ਸਿੱਟਾ। 2. ਸੂਰਬੀਰ। 3. ਮਸਤੀ ਬਖਸ਼ਣ ਵਾਲੇ। 4. ਮਸਤੀ ਨਾਲ ਭਰਪੂਰ। 5. ਮੁਹੱਬਤ, ਪਿਆਰ। 6. ਇਕਰਾਰ।



www.AKJ.Org

# ਸੁਖਮਨੀ–ਸੁਖ-ਮਨੀ

[ 'ਸੂਰਾ' ਪਰਵਾਰ ਵਲੋਂ ]

(੧)

ਮਨ ਨੂੰ ਸਹਜ-ਸੁਖ ਬਖਸ਼ਣ ਵਾਲੀ 'ਸੁਖਮਨੀ' ਸੁੱਖਾਂ ਦੀ ਮਣੀ (ਰਤਨ) ਹੈ । ਇਸ ਸੁਖਮਨੀ ਅੰਦਰ ਨਾਮ-ਰਤਨ ਗੁੰਫਤ ਹੈ । ਤਾਹੀਓਂ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਇਸ ਬਾਣੀ ਦੀ ਅਰੰਭਕ ਅਸ਼ਟਪਦੀ ਅੰਦਰ ਰਹਾਉ ਦੀਆਂ ਤੁਕਾਂ ਵਿਚ ਵਿਦਤ ਕੀਤਾ ਹੈ–

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥**

ਭਾਵ, ਸੁਖਾਂ ਦੀ ਦਾਤੀ ਸੁਖਮਨੀ ਵਿਚ ਪ੍ਰਭੂ ਦਾ ਸੁਖਦਾਈ ਅੰਮ੍ਰਿਤ ਨਾਮ ਹੈ, ਜਿਸ ਦਾ ਨਿਵਾਸ ਭਗਤ ਜਨਾਂ ਦੇ ਹਿਰਦੇ ਵਿਚ ਹੁੰਦਾ ਹੈ ।

ਸਮੱਗਰ ਗੁਰਬਾਣੀ ਵਿਚ ਉਪਰੋਕਤ ਭਾਵ ਦਾ ਸੰਕੇਤ ਥਾਂ ਥਾਂ ਮਿਲਦਾ ਹੈ ਕਿ ਸਤਿਗੁਰੂ ਪਾਤਸ਼ਾਹ ਦੀ ਉਚਾਰੀ ਹੋਈ ਬਾਣੀ ਦੇ ਅੰਦਰ ਨਾਮ ਸਮੋਇਆ ਹੋਇਆ ਹੈ, ਅਤੇ ਬਾਣੀ ਅਤੇ ਗੁਰੂ ਓਤਿ ਪੋਤਿ ਹਨ, ਬਾਣੀ ਅਤੇ ਗੁਰੂ ਵਿਚ ਕੋਈ ਭਿੰਨ-ਭੇਦ ਨਹੀਂ, ਬਾਣੀ ਵਿਚ ਗੁਰੂ ਸਮਾਇਆ ਹੋਇਆ ਹੈ ਅਤੇ ਗੁਰੂ ਵਿਚ ਬਾਣੀ । ਸਤਿ-ਗੁਰੂ ਉਹ ਹੈ ਜਿਸ ਦੇ ਹਿਰਦੇ ਵਿਚ ਸਦਾ ਨਾਮ ਦਾ ਨਿਵਾਸ ਹੈ, ਜੋ ਸਦਾ ਨਾਮ ਵਿਚ ਲੀਨ ਰਹਿੰਦਾ ਹੈ । ਸੁਖਮਨੀ ਵਿਚ ਗੁਰੂ ਪਾਤਸ਼ਾਹ ਫ਼ੁਰਮਾਂਦੇ ਹਨ–

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥
ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥੩॥੧੮॥

ਸਤਿਗੁਰੂ ਅਤੇ ਵਾਹਿਗੁਰੂ ਜੀ ਇਕ-ਰੂਪ ਹਨ, ਇਸ ਵਿਚ ਕੋਈ ਭਰਮ-ਭੁਲੇਖਾ ਨਹੀਂ । ਸਪੱਸ਼ਟ ਹੈ ਕਿ ਜਦੋਂ ਸਤਿਗੁਰ ਦੇ ਹਿਰਦੇ ਵਿਚ 'ਨਾਮ' ਦਾ ਵਾਸਾ ਹੈ ਤਾਂ ਉਨ੍ਹਾਂ ਦੀ ਬਾਣੀ ਵਿਚ ਵੀ 'ਨਾਮ' ਪ੍ਰੋਤਾ ਹੋਇਆ ਹੈ । ਇਸ ਸਾਰੀ ਵੀਚਾਰ ਨੂੰ ਗੁਰੂ ਰਾਮਦਾਸ ਜੀ ਸਪੱਸ਼ਟ ਕਰਦੇ ਹਨ–

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (ਨਟ ਮ: ੪–੯੮੨)

'ਬਾਣੀ' ਗੁਰੂ ਰੂਪ ਹੈ ਅਤੇ 'ਗੁਰੂ' ਬਾਣੀ ਰੂਪ ਹੈ, ਫਿਰ ਇਸ ਬਾਣੀ ਵਿਚ 'ਨਾਮ-ਅੰਮ੍ਰਿਤ' ਪਸਰਿਆ ਹੋਇਆ ਹੈ, ਬਾਣੀ ਵਿਚ ਸਾਰੇ ਨਾਮ ਹੀ ਨਾਮ ਹੈ ।

ਸਵਾਲ ਉਠਦਾ ਹੈ ਕਿ ਜਦੋਂ ਬਾਣੀ ਰੂਪ ਥਾਲ ਵਿਚ ਨਾਮ-ਪਦਾਰਥ ਪਰੋਸਿਆ ਹੋਇਆ ਹੈ ਤਾਂ ਫਿਰ ਬਾਣੀ ਪੜ੍ਹਨ ਸੁਣਨ ਵਾਲਾ ਹਰੇਕ ਪ੍ਰਾਣੀ ਇਸ ਨਾਮ ਨੂੰ ਕਿਉਂ ਨਹੀਂ ਅਨੁਭਵ ਕਰਦਾ ਤੇ ਨਾਮ-ਰਸ ਨੂੰ ਭੁੰਚਦਾ ।

ਗੁਰਬਾਣੀ ਤਾਂ ਰਤਨ-ਪਦਾਰਥਾਂ ਨਾਲ ਭਰਪੂਰ ਹੈ, ਪਰ ਜੋ ਬਾਣੀ ਵਿਚ, ਗੁਰਬਾਣੀ ਵਿਚ ਹਿਤੋਂ ਚਿਤੋਂ ਲਗਦੇ ਹਨ, ਜੋ ਬਾਣੀ ਨੂੰ ਮਨ ਵਿਚ ਵਸਾਂਦੇ ਹਨ, ਉਨ੍ਹਾਂ ਨੂੰ ਨਾਮ ਨਿਰਮੋਲਕ ਰਤਨ ਪ੍ਰਾਪਤ ਹੁੰਦਾ ਹੈ। ਗੁਰਵਾਕ :

– ਰਤਨਾ ਰਤਨ ਪਦਾਰਥ ਬਹੁ ਸਾਗਰ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ, ਨਿਰਮੋਲਕ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਮੋਲਕ ਪਾਇਆ, ਤੇਰੀ ਭਗਤਿ ਭਰੇ ਭੰਡਾਰਾ ॥੪॥੧॥੮॥ (੪੪੨)

ਅਤੇ – ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ, ਅੰਮ੍ਰਿਤ ਨਾਮੁ ਧਿਆਵਣਿਆ ॥ਰਹਾਉ॥ (੭੯੭-੯੮)

ਸੋ ਲੋੜ ਇਸ ਗੱਲ ਦੀ ਹੈ ਕਿ ਬਾਣੀ ਦੇ ਅੰਦਰਲੇ ਬਾਹਰਲੇ ਸਮੁਚੇ ਸਰੂਪ ਨਾਲ ਆਪਣੇ ਆਪੇ ਨੂੰ ਇਕ-ਸੁਰ



www.AKJ.Org

ਕਰੀਏ। ਗੁਰਬਾਣੀ ਦੇ ਅੱਖਰਾਂ ਨੂੰ ਉਪਰੋਂ ਦਿਲੋਂ ਨਾ ਪੜ੍ਹ ਜਾਈਏ,ਸਗੋਂ ਬਾਣੀ ਅੰਦਰ ਵਸਦੇ ਅੰਮ੍ਰਿਤ-ਰਸ ਨੂੰ ਭੁੰਚਣ ਲਈ ਆਪਣੀ ਸੁਰਤੀ ਬਾਣੀ ਨਾਲ ਜੋੜ ਦੇਈਏ। ਅਜਿਹਾ ਕਰਨ ਨਾਲ ਹੀ ਪ੍ਰਾਣੀ ਦੇ ਅੰਦਰ ਨਾਮ ਦਾ ਇਕ-ਰਸ ਤੰਰਾ ਤੁਰ ਸਕੇਗਾ। ਫ਼ੁਰਮਾਨ ਹੈ-

ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਤਰਿ ਰਵੈ ਹਰਿ ਨਾਮਾ ॥ਰਹਾਉ॥ (੭੯੭-੯੮)

ਬਾਣੀ ਨੇ ਹੀ ਪ੍ਰਾਣੀ ਨੂੰ ਨਾਮ ਨਾਲ ਜੋੜਨਾ ਹੈ, ਬਾਣੀ ਨੇ ਨਾਮ ਦਾ ਅੰਮ੍ਰਿਤ-ਰਸ ਬਖਸ਼ਣਾ ਹੈ। ਸਤਿਗੁਰੂ ਜੀ ਸਪੱਸ਼ਟ ਕਰਦੇ ਹਨ-

-ਗੁਰਬਾਣੀ ਵਰਤੀ ਜਗ ਅੰਤਰਿ, ਇਸ ਬਾਣੀ ਤੇ ਹਰਿ ਨਾਮੁ ਪਾਇਦਾ ॥੩॥(੧੦੬੯)

ਅਤੇ-ਅੰਮ੍ਰਿਤ ਬਾਣੀ ਅਮਿਉ ਰਸੁ, ਅੰਮ੍ਰਿਤੁ ਹਰਿ ਕਾ ਨਾਉ ॥ (੯੬੨-੬੩)

(੨)

ਪੰਚਮ ਪਾਤਸ਼ਾਹ ਜੀ ਨੇ ਸੁਖਮਨੀ ਸਾਹਿਬ ਵਿਚ, ਸਮੁੱਚੀ ਗੁਰਬਾਣੀ ਦੇ ਉਪਰੋਕਤ ਮਹਾਨ ਤੱਥ ਦਾ ਤੱਤਸਾਰ ਬੜੇ ਸਰਲ ਤੇ ਸੁਖੈਨ ਰੂਪ ਵਿਚ ਉਜਾਗਰ ਕੀਤਾ ਹੈ ਅਤੇ ਇਸ ਸੁਖਮਨੀ ਦੇ ਅਰੰਭ ਵਿਚ ਸੰਕੇਤ ਦੇ ਦਿਤਾ ਹੈ ਕਿ ਇਸ ਸੁਖਮਨੀ ਵਿਚ ਸੁਖ ਦੇਣ ਵਾਲਾ ਪ੍ਰਭੂ ਦਾ ਨਾਮ-ਅੰਮ੍ਰਿਤ ਭਰਪੂਰ ਹੈ, ਪਰ ਇਸ ਨਾਮ ਦਾ ਟਿਕਾਣਾ ਭਗਤ ਜਨਾਂ ਦੇ ਹਿਰਦੇ ਵਿਚ ਹੀ ਹੁੰਦਾ ਹੈ। ਜੋ ਮਨ ਦੀ ਪ੍ਰੀਤ ਕਰਕੇ, ਹਿਰਦੇ ਕਰਕੇ, ਆਤਮਾ ਕਰਕੇ ਸੁਖਮਨੀ ਨਾਲ ਰਸ-ਲੀਨ ਹੁੰਦੇ ਹਨ, ਉਨ੍ਹਾਂ ਨੂੰ ਹੀ 'ਸੁਖਮਨੀ' ਨਾਮ-ਰਸ ਨਾਲ ਜੋੜਦੀ ਹੈ। ਆਖ਼ਰੀ ਅਸ਼ਟਪਦੀ ਵਿਚ ਸਤਿਗੁਰੂ ਜੀ ਨੇ ਸਪੱਸ਼ਟ ਹੀ ਕਰ ਦਿਤਾ ਹੈ-

-ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥

ਅਤੇ-ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸੁ ਜਨ ਆਵੈ ਹਰਿ ਪ੍ਰਭ ਚੀਤਿ ॥

ਜੋ ਪ੍ਰਾਣੀ ਸੁਖਮਨੀ ਦੇ ਅੰਮ੍ਰਿਤ ਰਸ ਨੂੰ ਹਿਰਦੇ ਅੰਦਰ ਵਸਾਉਂਦਾ ਹੈ ਅਤੇ ਪੂਰਨ ਸ਼ਰਧਾ ਪ੍ਰੀਤੀ ਨਾਲ ਹਿਤੋਂ ਚਿਤੋਂ ਇਕ ਇਕ ਅੱਖਰ ਨੂੰ ਸੁਣਦਾ ਹੈ,ਉਸ ਦੇ ਚਿਤ ਵਿਚ ਨਾਮ ਆ ਵਸਦਾ ਹੈ। ਚੂੰਕਿ ਸੁਖਮਨੀ ਸਾਹਿਬ ਦੀ ਸਮੁੱਚੀ ਬਾਣੀ ਵਿਚ ਨਾਮੀ-ਵਾਹਿਗੁਰੂ, ਨਾਮ ਦੇ ਦਾਤੇ ਸਤਿਗੁਰੂ, ਨਾਮ ਜਪਣਹਾਰਿਆਂ ਅਤੇ ਨਾਮ ਹੀ ਨਾਮ ਦੀ ਹੀ ਗਾਥਾ ਹੈ, ਇਸੇ ਕਰਕੇ, ਇਸੇ ਨਾਮ ਦੇ ਗੁਣ ਕਰਕੇ, ਇਹ ਮਨ ਨੂੰ ਸੁਖ ਦੇਣ ਵਾਲੀ ਸੁਖਾਂ ਦੀ ਮਣੀ (ਨਾਮ-ਰਤਨ) 'ਸੁਖਮਨੀ' ਹੈ। ਸਤਿਗੁਰੂ ਜੀ ਸੁਖਮਨੀ ਸਾਹਿਬ ਦੀ ਆਖ਼ਰੀ ਤੁਕ ਵਿਚ ਇਸ ਤੱਥ ਦੀ ਪੁਸ਼ਟੀ ਕਰਦੇ ਹਨ-

ਨਾਨਕ ਇਹ ਗੁਣਿ ਨਾਮ ਸੁਖਮਨੀ ॥

(੩)

ਸੁਖਮਨੀ ਵਿਚ ਬਾਰ ਬਾਰ ਨਾਮ ਜਪਣ ਅਤੇ ਇਕ-ਮਨ ਇਕ-ਚਿਤ ਹੋ ਕੇ ਜਪਣ ਦੇ ਤਾਕੀਦੀ ਹੁਕਮ ਹਨ। ਇਸ ਸੰਬੰਧੀ ਇਸੇ ਬਾਣੀ ਵਿਚੋਂ ਕੁਝ ਸੇਧਾਂ ਮਿਲਦੀਆਂ ਹਨ, ਜੋ ਇਸ ਪ੍ਰਕਾਰ ਹਨ-

(ੳ) ਜਪਿ ਜਨ ਸਦਾ ਸਦਾ ਦਿਨੁ ਰੈਣੀ ॥੭॥੧੪॥
(ਅ) ਸਾਵਧਾਨ ਇਕਾਗਰ ਚੀਤ ॥੫॥੨੪॥
(ੲ) ਆਪਿ ਨਿਵਾਰਿ ਤਲੈ ॥ (ਸਲੋਕ-੧੨)
(ਸ) ਠਾਕੁਰ ਕਾ ਸੇਵਕੁ ਆਗਿਆਕਾਰੀ ॥੩॥੧੭॥
(ਹ) ਆਪਿ ਜਪਾਏ ਜਪੈ ਸੋ ਨਾਉ ॥੮॥੬॥
(ਕ) ਤੂ ਠਾਕੁਰੁ ਤੁਮ ਪਹਿ ਅਰਦਾਸਿ ॥੮॥੪॥
(ਖ) ਸਭੁ ਕਛੁ ਜਾਨੈ ਆਤਮ ਕੀ ਰਹਤ ॥੮॥੫॥


www.AKJ.Org

## (ੳ) ਜਪਿ ਜਨ ਸਦਾ ਸਦਾ ਦਿਨੁ ਰੈਣੀ–

ਮਾਇਆ-ਵੇੜ੍ਹੇ ਭੁਲੜ ਜੀਵ ਨੂੰ ਬਾਰੰ ਬਾਰ ਤਾੜਨਾ ਕੀਤੀ ਹੈ ਕਿ ਇਹ ਸਾਕ ਸੰਬੰਧੀ ਸਾਥ ਦੇਣ ਵਾਲੇ ਨਹੀਂ, ਇਹ ਮਾਇਕ ਪਦਾਰਥ ਕਿਸੇ ਲੇਖੇ ਨਹੀਂ, ਸਭ ਮੋਹ ਮਾਇਆ ਮਿਥਿਆ ਹੈ ਅਤੇ ਇਨ੍ਹਾਂ ਵਿਚੋਂ ਕੋਈ ਵੀ ਅੰਤ ਵੇਲੇ ਸਹਾਈ ਨਹੀਂ। ਜੇ ਅੰਤ ਵੇਲੇ ਸਹਾਇਤਾ ਕਰਨ ਵਾਲਾ ਕੋਈ ਪਦਾਰਥ ਹੈ ਤਾਂ ਉਹ ਕੇਵਲ ਨਾਮ ਪਦਾਰਥ ਹੈ, ਇਸ ਲਈ ਉਸੇ ਧਨ ਨੂੰ ਇਕੱਠਾ ਕਰਨ ਦੀ ਲੋੜ ਹੈ। ਜਿਹਾ ਕਿ–

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥ (ਸਲੋਕ, ੧੮)

ਇਸ ਬਿਖਿਆ ਧਨ ਦੇ ਇਕੱਠੇ ਕਰਨ ਵਿਚ ਕਿਤੇ ਵੀ ਤ੍ਰਿਪਤੀ ਨਹੀਂ, ਤ੍ਰਿਸ਼ਨਾ ਹੋਰ ਹੋਰ ਵਧਦੀ ਹੀ ਜਾਂਦੀ ਹੈ; ਜੇ ਤ੍ਰਿਪਤੀ, ਸੰਤੋਖ ਤੇ ਸੁਖ-ਸ਼ਾਂਤੀ ਹੈ ਤਾਂ ਉਹ ਕੇਵਲ ਨਾਮ-ਧਨ ਵਿਹਾਝਣ ਵਿਚ ਹੈ। ਸੁਖਮਨੀ ਵਿਚ ਫੁਰਮਾਨ ਹੈ :–

ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ ਹਰਿ ਕਾ ਨਾਮੁ ਜਪਤ ਆਘਾਵੈ ॥੪॥੧੨॥

ਹੋਰ ਜਪ ਤਪ, ਪੁੰਨ ਦਾਨ, ਤੀਰਥ ਬਰਤ, ਜੋਗ ਸਾਧਨ ਆਦਿਕ ਕਰਮ ਧਰਮ ਵੀ ਹਉਮੈ ਦੀ ਮੈਲ ਹੀ ਵਧਾਂਦੇ ਹਨ ਅਤੇ ਇਨ੍ਹਾਂ ਕਰਮਾਂ ਧਰਮਾਂ ਕਰਕੇ ਜੀਵ ਦਾ ਛੁਟਕਾਰਾ ਨਹੀਂ, ਤੇ ਨਾ ਹੀ ਦੁਖਾਂ ਤੋਂ ਖਲਾਸੀ ਮਿਲ ਸਕਦੀ ਹੈ, ਸਗੋਂ ਸੁਖ-ਸ਼ਾਂਤੀ ਦਾ ਸੋਮਾ ਕੇਵਲ ਨਾਮ ਹੈ–

ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥
ਹਰਿ ਕਾ ਨਾਮੁ ਜਪਤ ਦੁਖੁ ਜਾਇ ॥ ਨਾਨਕ ਬੋਲੈ ਸਹਜਿ ਸੁਭਾਇ ॥੪॥੩॥

ਸੋ, ਪ੍ਰਾਣੀ ਨੂੰ ਸਤਿਗੁਰੂ ਜੀ ਉਪਦੇਸ਼ ਦੇਂਦੇ ਹਨ–

ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥
ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥ (ਸਲੋਕ–੪)

ਜਿਸ ਪ੍ਰਭੂ ਦੇ ਨਾਮ ਨੇ ਸਦਾ ਨਾਲ ਨਿਭਣਾ ਹੈ ਉਸ ਬਾਰੇ ਸੁਖਮਨੀ ਵਿਚ ਥਾਂ-ਪਰ-ਥਾਂ ਤਾਕੀਦ ਮਿਲਦੀ ਹੈ ਕਿ ਉਠਦਿਆਂ ਬਹਿੰਦਿਆਂ, ਸਾਸ ਗ੍ਰਾਸ ਨਾਲ, ਸਵਾਸਾਂ ਦੇ ਬਾਹਰ ਆਉਂਦਿਆਂ ਤੇ ਅੰਦਰ ਜਾਂਦਿਆਂ ਹੋਇਆਂ ਹਰ ਵੇਲੇ ਹੀ ਪ੍ਰਭੂ ਦੇ ਨਾਮ ਨੂੰ ਸਿਮਰਨਾ ਹੈ। ਜਿਹਾ ਕਿ ਕਈ ਫੁਰਮਾਨ ਹਨ–

– ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥੬॥੧੭॥
– ਊਠਤ ਬੈਠਤ ਸੋਵਤ ਨਾਮੁ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥੧੭॥
– ਸਦਾ ਸਦਾ ਨਾਨਕ ਹਰਿ ਜਾਪਿ ॥੧॥੧੨॥
– ਰੇ ਮਨ ਮੇਰੇ ਸਦਾ ਹਰਿ ਜਾਪਿ ॥੧॥੧੫॥
– ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ ॥੭॥੧੫॥
– ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥੨॥੨੪॥
– ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ ਲਾਗੈ ਕੋਇ ॥੧॥੧੪॥
– ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥੫॥੨੦॥
– ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥੧॥੨੪॥
– ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥੭॥੧੯॥
– ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ ਸਾਸਿ ਗਿਰਾਸਿ ॥੮॥੧੩॥
– ਇਉ ਰਤਨ ਜਨਮ ਕਾ ਹੋਇ ਉਧਾਰੁ ॥ ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥੪॥੧੯॥

ਜਿਹੜਾ ਹਰੀ-ਪ੍ਰਭੂ ਪ੍ਰਾਣਾਂ ਦਾ ਅਧਾਰ ਹੈ, ਜਿਸ ਨੂੰ ਸਾਸ ਗਿਰਾਸ ਧਿਆਉਣਾ ਹੈ, ਜਿਸ ਨੂੰ ਦਿਨ ਰਾਤ



www.AKJ.Org

ਸਦਾ ਸ਼ਦਾ ਬਾਰ ਬਾਰ ਜਪੀ ਹੀ ਜਾਣਾ ਹੈ, ਉਸ ਦਾ ਸਿਮਰਨ ਕੇਵਲ ਚਿੰਤਨ ਮਾਤਰ ਨਹੀਂ, ਕੇਵਲ ਚੇਤੇ ਰਖਣ ਮਾਤਰ ਨਹੀਂ, ਕੇਵਲ ਧਿਆਨ ਮਾਤਰ ਹੀ ਨਹੀਂ, ਸਗੋਂ ਇਹ ਸਿਮਰਨ ਸਾਸ ਗਿਰਾਸ, ਆਉਂਦੇ ਜਾਂਦੇ ਸੁਆਸਾਂ ਨਾਲ, ਜੀਭ ਨਾਲ, ਮਨ ਨਾਲ, ਤਨ ਨਾਲ ਇਕ ਰਧ ਜਪਣਾ ਹੈ। ਇਸ ਤੱਥ ਨੂੰ ਸੁਖਮਨੀ ਸਪੱਸ਼ਟ ਕਰਦੀ ਹੈ–

– ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥੭॥੧੭॥
– ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥੨॥੧੪॥
– ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ ਸਦਾ ਸਦਾ ਜਾਨਹੁ ਤੇ ਸੁਖੀ ॥੩॥੧੪॥
– ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥੧॥੧੪॥

ਨਾਮ ਨੂੰ ਕੰਠ ਵਿਚ, ਗਲੇ ਵਿਚ ਪ੍ਰੋਣ ਦਾ ਭਾਵ ਹੈ, ਮੂੰਹ ਨਾਲ ਲਗਾਤਾਰੀ ਸਿਮਰਨ ਕਰਨਾ। ਜਿਥੇ ਜੀਭ ਨੂੰ ਦਿਨ ਰਾਤ ਬੋਲਣ ਦੀ, ਜਪਣ ਦੀ ਹਦਾਇਤ ਹੈ, ਜਿਥੇ ਜੀਭ ਨੂੰ ਨਾਮ-ਅੰਮ੍ਰਿਤ-ਰਸ ਪੀਣ ਦੀ ਪ੍ਰੇਰਨਾ ਹੈ, ਉਥੇ ਜੀਭ ਨਾਲ ਲਗਾਤਾਰੀ ਰਟਨ ਕਰਨ ਦੀ ਗੱਲ ਹੈ। ਜੀਭ ਨਾਲ ਬੋਲੀਦਾ ਹੈ, ਕੋਈ ਗੱਲ ਕਹੀਦੀ ਹੈ, ਜੀਭ ਨਾਲ ਧਿਆਨ ਨਹੀਂ ਧਰੀਦਾ। ਜਿਥੇ ਮੁਖੀ ਹਰੀ ਪ੍ਰਭੂ ਦੇ ਨਾਮ ਨੂੰ ਮਨ, ਤਨ ਤੇ ਮੂੰਹ ਦੁਆਰਾ ਬੋਲਣ ਦਾ ਹੁਕਮ ਹੈ, ਉਥੇ ਮੂੰਹ ਦੁਆਰਾ ਬੋਲਿਆ ਹੀ ਜਾ ਸਕਦਾ ਹੈ, ਚਿੰਤਨ ਨਹੀਂ ਕੀਤਾ ਜਾ ਸਕਦਾ।

## (ਅ) ਸਾਵਧਾਨ ਇਕਾਗਰ ਚੀਤ–

ਸੋ ਨਾਮ ਜਪਣ ਲਈ ਇਸ ਹੁਕਮ ਦੇ ਪਾਲਨਾ ਕਰਨ ਦੀ ਹਦਾਇਤ ਹੈ–

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਇਕਾਗਰ ਚੀਤ ॥੫॥੨੪॥

ਅੰਮ੍ਰਿਤ ਵੇਲੇ ਇਕਾਗਰ ਚਿਤ ਨਾਲ, ਪੂਰੀ ਸਾਵਧਾਨੀ ਨਾਲ, ਤਨ ਮਨ ਨਾਲ, ਸਾਸ ਗਿਰਾਸ ਨਾਮ ਜਪਣ ਨਾਲ, ਹਿਰਦੇ ਅੰਦਰ ਨਾਮ ਦਾ ਲਗਾਤਾਰੀ ਤੋਰਾ ਤੁਰਿਆ ਰਹਿੰਦਾ ਹੈ, ਹਿਰਦੇ ਵਿਚ ਕਲਾਕ ਦੇ ਪੈਂਡੂਲਮ ਵਾਂਗ ਨਾਮ ਦੀ ਰਸ-ਗੁੱਧੀ ਟਿਕ-ਟਿਕ ਆਟੋਮੈਟਿਕ ਜਾਰੀ ਰਹਿੰਦੀ ਹੈ, ਕਾਰ ਵਿਹਾਰ ਕਰਦਿਆਂ ਇਹ ਲਗਾਤਾਰੀ ਨਾਮ ਅੰਤਰ-ਆਤਮੇ ਜਾਰੀ ਰਹਿੰਦਾ ਹੈ।

ਇਹ ਨਾਮ-ਸਿਮਰਨ ਸਹਸ ਸਿਆਣਪਾਂ ਅਤੇ ਦਿਮਾਗੀ ਫ਼ਿਲਾਸਫ਼ੀਆਂ ਦਾ ਵਿਸ਼ਾ ਨਹੀਂ। "ਬਹੁਤ ਸਿਆਣਪ ਜਮ ਕਾ ਭਉ ਬਿਆਪੈ ॥੪॥੩॥" ਵਾਲੀ ਗੱਲ ਹੈ। ਪੰਚਮ ਪਾਤਸ਼ਾਹ ਪ੍ਰਾਣੀ ਨੂੰ ਸੁਮਤ ਦ੍ਰਿੜ੍ਹਾਉਂਦੇ ਹਨ–

ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥ (ਸਲੋਕ–੧੪)

ਸਹਸ-ਸਿਆਣਪਾਂ ਦੀ ਥਾਂ ਮਨ ਕਰਕੇ, ਤਨ ਕਰਕੇ ਅਤੇ ਲਿਵ ਜੋੜ ਕੇ ਪੂਰਨ ਭਰੋਸੇ ਅਤੇ ਆਤਮ-ਵਿਗਾਸ ਵਿਚ ਨਾਮ ਜਪਣਾ ਹੈ–

– ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥੬॥੨੨॥
– ਹਰਿ ਕੀ ਭਗਤਿ ਕਰਹੁ ਮਨੁ ਲਾਇ ॥੪॥੧੯॥
– ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ ਨਾਨਕ ਇਕੁ ਜਾਨਿਆ ॥੩॥੨੨॥
– ਜਾ ਕੈ ਰਿਦੈ ਬਿਸ੍ਵਾਸੁ ਪ੍ਰਭੁ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥੨॥੧੭॥
– ਕਰਹਿ ਭਗਤਿ ਆਤਮ ਕੈ ਚਾਇ ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥੭॥੧੭॥

ਉਤਸ਼ਾਹ, ਚਾਉ ਉਮਾਉ ਅਤੇ ਆਤਮ-ਰੰਗਾਂ ਵਿਚ, ਹੋਰ ਸਭ ਆਸਾਂ ਛਡ ਕੇ ਪਾਰਬ੍ਰਹਮ ਪ੍ਰਭੂ ਨੂੰ ਹਿਰਦਿਓਂ ਸਤਿ ਸਰੂਪ ਪਛਾਣ ਕੇ ਧਿਆਉਣਾ ਹੈ–

– ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥
– ਸਤਿ ਸਰੂਪ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥੨॥੧੭॥
– ਪਰੇ ਸਰਨਿ ਆਨਿ ਸਭ ਤਿਆਗਿ ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥੨॥੨੦॥


www.AKJ.Org

(ੲ) ਆਪਿ ਨਿਵਾਰਿ ਤਲੇ–

ਜਿਥੇ ਮਨ ਤਨ ਕਰਕੇ ਪੂਰਨ ਵਿਸ਼ਵਾਸ ਨਾਲ ਨਾਮ ਜਪਣਾ ਹੈ ਉਥੇ ਨਾਲ ਹੀ ਆਪਾ ਭਾਵ ਤਿਆਗਣਾ ਜ਼ਰੂਰੀ ਹੈ। ਜੁਆਨੀ ਦਾ ਹੰਕਾਰ, ਰਾਜ ਅਭਿਮਾਨ, ਧਨ ਭੂਮੀ ਦਾ ਗੁਮਾਨ, ਲਸ਼ਕਰਾਂ ਤੇ ਮਨੁਖੀ ਬਾਹਵਾਂ ਦਾ ਘੁਮੰਡ ਸਭ ਫ਼ਜ਼ੂਲ ਹਨ ਅਤੇ ਕਈ ਤਰ੍ਹਾਂ ਦੇ ਕਰਮਾਂ ਧਰਮਾਂ ਤੇ ਤਪ-ਸਾਧਨਾਂ ਦਾ ਮਾਣ ਵੀ ਕਿਸੇ ਲੇਖੇ ਨਹੀਂ। ਇਹ ਫੁਰਨਾ ਵੀ ਸੂਖਮ ਹਉਮੈ ਹੈ ਕਿ ਮੈਂ ਰੋਜ਼ ਸਵੇਰੇ ਨਾਮ ਜਪਦਾ ਹਾਂ। ਹਉਮੈ ਵਿਚ ਗਾਇਆ ਕਿਸੇ ਲੇਖੇ ਨਹੀਂ।

– ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥੨॥੧੮॥

– ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥੬॥੩॥

– ਆਪੁ ਛੋਡਿ ਬੇਨਤੀ ਕਰਹੁ ॥ ਸਾਧ ਸੰਗਿ ਅਗਨਿ ਸਾਗਰੁ ਤਰਹੁ ॥੧॥੨੪॥

(ਸ) ਠਾਕੁਰ ਕਾ ਸੇਵਕੁ ਆਗਿਆਕਾਰੀ–

ਨਾਮ ਜਪਣ ਵਾਲਾ ਪ੍ਰਭੂ ਦੀ ਆਗਿਆ ਵਿਚ, ਪ੍ਰਭੂ ਦੇ ਹੁਕਮ ਵਿਚ, ਪ੍ਰਭੂ ਦੀ ਰਜ਼ਾ ਵਿਚ ਸਦਾ ਸ਼ਾਕਰ ਰਹਿੰਦਾ ਹੈ। ਜੋ ਦਾਤਾਂ ਪ੍ਰਭੂ ਬਖਸ਼ਦਾ ਹੈ, ਉਹਨਾਂ ਨੂੰ ਸ਼ੁਕਰ ਸ਼ੁਕਰ ਕਰ ਕੇ ਵਰਤਦਾ ਹੈ। ਪ੍ਰਭੂ ਦਾ ਸੇਵਕ ਉਸ ਦੀਆਂ ਦਾਤਾਂ–ਛੱਤੀ ਪ੍ਰਕਾਰ ਦੇ ਭੋਜਨ, ਪਾਟ-ਪਟੰਬਰ, ਮਹਿਲ ਮਾੜੀਆਂ, ਹਾਥੀ ਘੋੜੇ, ਬਾਗ ਮਿਲਖ ਆਦਿਕ ਧਨ ਪਦਾਰਥ–ਪ੍ਰਾਪਤ ਕਰ ਕੇ ਸ਼ੁਕਰ ਵਿਚ ਉਸ ਦੀ ਸਿਫ਼ਤ ਸਲਾਹ ਵਿਚ ਜੁੜਦਾ ਹੈ। ਸੇਵਕ ਇਸ ਲਈ ਵੀ ਧੰਨਵਾਦ ਕਰਦਾ ਹੈ ਕਿ ਪ੍ਰਭੂ ਨੇ ਉਸ ਨੂੰ ਅੱਖਾਂ, ਨੱਕ, ਕੰਨ, ਜੀਭ, ਹੱਥ ਪੈਰ ਆਦਿ ਅਮੋਲਕ ਅੰਗਾਂ ਨਾਲ ਸ਼ਿੰਗਾਰੀ ਹੋਈ ਕੰਚਨ ਦੇਹੀ ਬਖਸ਼ੀ ਹੈ। ਦੁਖ ਸੁਖ ਵਿਚ ਸਮਾਨ ਰਹਿੰਦਾ ਹੈ। ਪ੍ਰਭੂ ਜੇ ਕੋਈ ਦਾਤ ਵਾਪਸ ਲੈ ਲੈਂਦਾ ਹੈ ਤਾਂ ਵੀ ਉਸ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਸ਼ੁਕਰ ਹੀ ਗੁਜ਼ਾਰਦਾ ਹੈ। ਕਿਸੇ ਦਾਤ ਦੇ ਵਿਛੜਨ ਨਾਲ ਦੁਖੀ ਨਹੀਂ ਹੁੰਦਾ, ਰੋਂਦਾ ਨਹੀਂ ਅਤੇ ਨਾ ਹੀ ਪ੍ਰਭੂ ਪਾਸ ਕੋਈ ਗਿਲਾ-ਗੁਜ਼ਾਰੀ ਕਰਦਾ ਹੈ। ਸਗੋਂ–

– ਤਿਸੁ ਕਾ ਹੁਕਮ ਬੂਝ ਸੁਖੁ ਹੋਇ ॥ ਤਿਸ ਕਾ ਨਾਮ ਰਖੁ ਕੰਠਿ ਪਰੋਇ ॥੧॥੧੪॥

– ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥ ਸਦਾ ਸਦਾ ਬਸੈ ਹਰਿ ਸੰਗਿ ॥
ਸਹਜ ਸੁਭਾਇ ਹੋਵੈ ਸੁ ਹੋਇ ॥ ਕਰਣੈਹਾਰੁ ਪਛਾਣੈ ਸੋਇ ॥
ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ ਜੈਸਾ ਸਾ ਤੈਸਾ ਦ੍ਰਿਸਟਾਨਾ ॥੮॥੧੪॥

ਪ੍ਰਭੂ ਦਾ ਸੇਵਕ ਹੁਕਮੀ ਬੰਦਾ ਹੁੰਦਾ ਹੈ। ਅਤੇ ਉਹ ਸਦਾ ਆਪਣੇ ਠਾਕੁਰ-ਪ੍ਰਭੂ ਨੂੰ ਅੰਗ ਸੰਗ ਤੇ ਹਾਜ਼ਰ ਨਾਜਰ, ਕਰਨ ਕਰਾਵਨਹਾਰ ਸਮਝਦਾ ਹੋਇਆ,ਉਸ ਦੇ ਨਾਮ ਰੰਗ ਵਿਚ ਰੰਗਿਆ ਰਹਿੰਦਾ ਹੈ। ਸੇਵਕ ਦਾ ਕੰਮ ਹੈ :

ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥੪॥੨੨॥

(ਹ) ਆਪਿ ਜਪਾਏ ਜਪੈ ਸੋ ਨਾਉ–

ਹੁਕਮੀ ਬੰਦਾ ਹੋ ਕੇ, ਗਰੀਬੀ ਭਾਵ ਵਿਚ, ਇਕਾਗਰ-ਚਿਤ ਹੋ ਕੇ, ਅਮੂਰਤ ਪ੍ਰਭੂ ਦੀ ਮੂਰਤ ਦਾ ਹਿਰਦੇ ਵਿਚ ਧਿਆਨ ਧਰ ਕੇ ਸੇਵਕ ਨੇ ਨਾਮ ਜਪੀ ਜਾਣਾ ਹੈ,ਜਦ ਪ੍ਰਭੂ ਦੀ ਕਿਰਪਾ ਦਾ ਪਾਤਰ ਬਣੇਗਾ, ਉਦੋਂ ਲਗਾਤਾਰੀ ਨਾਮ ਦੀ ਪ੍ਰਾਪਤੀ ਹੋਣੀ ਹੈ, ਓਦੋਂ ਹੀ ਨਾਮ ਰਸ ਵਿਚ ਰੰਗੀਜਣਾ ਹੈ। ਨਾਮ ਦਾ ਅਖੰਡ ਤੋਰਾ ਅੰਤਰ-ਆਤਮੇ ਜਾਰੀ ਹੋਣਾ ਪ੍ਰਭੂ ਦੀ ਬਖਸ਼ਸ਼ ਹੈ–

– ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿ ਗੁਨ ਗਾਉ ॥
ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥੮॥੬॥

– ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥ ਨਾਨਕ ਤੇ ਜਨ ਨਾਮਿ ਮਿਲੇਇ ॥੩॥੧੧॥


www.AKJ.Org

## (ਕ) ਤੂ ਠਾਕੁਰੁ ਤੁਮ ਪਹਿ ਅਰਦਾਸਿ–

ਪ੍ਰਭੂ ਦੀ ਕਿਰਪਾ ਪ੍ਰਾਪਤ ਕਰਨ ਲਈ ਸੇਵਕ ਨੇ ਸਦਾ ਅਰਦਾਸ ਕਰਦੇ ਰਹਿਣਾ ਹੈ :–

– ਹਮ ਨਿਰਗੁਨੀਅਰ ਨੀਚ ਅਜਾਨ ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥੭॥੨੦॥

– ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥
ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥ (ਸਲੋਕ–੨)

– ਸਰਨਿ ਜੋਗੁ ਸੁਨਿ ਸਰਨੀ ਆਏ ॥ ਕਰਿ ਕਿਰਪਾ ਪ੍ਰਭ ਆਪਿ ਮਿਲਾਏ ॥੪॥੨੪॥

–ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥੬॥੪॥

ਜੋਦੜੀਆਂ ਕਰਨੀਆਂ ਹਨ ਕਿ ਹੇ ਪਾਤਸ਼ਾਹ ! ਮੈਂ ਭੇਖੀ ਪਖੰਡੀ ਹਾਂ, ਮੇਰੇ ਅੰਦਰ ਤ੍ਰਿਸ਼ਨਾ ਦੇ ਭਾਂਬੜ ਮਚ ਰਹੇ ਹਨ, ਮੈਂ ਰਤਨ ਪਦਾਰਥ ਛਡ ਕੇ ਕੌਡਾਂ ਮਗਰ ਭਟਕਦਾ ਫਿਰਦਾ ਹਾਂ, ਆਪ ਮੇਰੇ ਤੇ ਤਰਸ ਕਰੋ–

– ਅੰਧ ਕੂਪ ਮਹਿ ਪਤਿਤ ਬਿਕਰਾਲ ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥੪॥

– ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥੪॥

– ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ (ਸਲੋਕ–੨੦)

– ਜਾਚਕੁ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥੧॥੨੦॥

## (ਖ) ਸਭੁ ਕਛੁ ਜਾਨੈ ਆਤਮ ਕੀ ਰਹਤ–

ਪ੍ਰਭੂ-ਚਰਨਾਂ ਵਿਚ ਸਾਡੀਆਂ ਬੇਨਤੀਆਂ,ਜੋਦੜੀਆਂ ਪ੍ਰੇਮ-ਬੈਰਾਗ ਵਿਚ ਕੀਤੀਆਂ ਹੀ ਕਬੂਲ ਪੈਣੀਆਂ ਹਨ। ਹਿਰਦਿਓਂ ਪਛਤਾਵੇ ਵਿਚ, ਨਿੰਮਰਤਾ ਸਹਿਤ ਪ੍ਰਭੂ ਪਾਸ ਤਰਲੇ ਲੈਣੇ ਹਨ । ਜੇ ਅਤਿ ਸਿਆਣਪ ਵਿਚ ਸੁੰਦਰ ਸ਼ਿੰਗਾਰੇ ਹੋਏ ਸ਼ਬਦਾਂ ਵਿਚ ਅਰਦਾਸਾਂ ਕਰੀ ਜਾਂਦੇ ਹਾਂ ਅਤੇ ਅੰਦਰੋਂ ਕੋਈ ਵਿਛੋੜੇ ਦੀ ਪੀੜਾ ਨਹੀਂ ਜਾਗਦੀ ਤਾਂ ਸਾਡੀਆਂ ਬੇਨਤੀਆਂ ਪਰਵਾਨ ਹੋਣ ਵਿਚ ਅਜੇ ਦੇਰੀ ਹੈ, ਕਿਉਂਕਿ–

– ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥ ਅਪਨਾ ਕੀਆ ਆਪਹਿ ਮਾਨੈ ॥...
ਉਪਾਵ ਸਿਆਨਪ ਸਗਲ ਤੇ ਰਹਤ ॥ ਸਭੁ ਕਛੁ ਜਾਨੈ ਆਤਮ ਕੀ ਰਹਤ ॥੮॥੫॥

ਇੰਜ ਸੁਖਮਨੀ ਸਾਹਿਬ ਵਿਚ ਨਾਮ-ਪ੍ਰਾਪਤੀ ਲਈ ਜੋ ਸੇਧਾਂ ਮਿਲਦੀਆਂ ਹਨ, ਉਹਨਾਂ ਨੂੰ ਮੁਖ ਰਖ ਕੇ ਪ੍ਰਾਣੀ ਨੇ ਨਾਮ ਜਪਣ ਦੇ ਹੁਕਮ ਕਮਾ ਕੇ ਲੋਕ ਪਰਲੋਕ ਸੁਹੇਲੇ ਕਰਨੇ ਹਨ ।

ਸੁਖਮਨੀ ਸਾਹਿਬ ਵਿਚ ਨਾਮੀ-ਵਾਹਿਗੁਰੂ, ਨਾਮ ਦੇ ਦਾਤਾ ਸਤਿਗੁਰੂ ਅਤੇ ਨਾਮ-ਜਪਣਹਾਰਿਆਂ ਦੇ ਜੋ ਅਲੌਕਿਕ ਚਿਤਰ ਚਿਤਰੇ ਹੋਏ ਹਨ, ਉਹਨਾਂ ਤੇ ਦੂਜੇ ਲੇਖ ਵਿਚ ਝਾਤੀ ਮਾਰਾਂਗੇ ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪–੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨–੫੦ | ਗੁਰਬਾਣੀ ਦੀ ਪਾਰਸ ਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦–੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦–੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੧-੦੦
ਗੁਰਬਾਣੀ ਰਹਿਤਨਾਮਾ ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ ੦–੫੦
ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੬ ਖੋਜ–ਭਰੇ ਲੇਖ ਸ਼ਾਮਲ ਹਨ) ੬–੦੦
ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ ੧-੦੦


www.AKJ.Org

# ਗੁਰੂ, ਗੁਰਦੁਆਰਾ, ਸੰਗਤ ਅਤੇ ਸਿਖ

[ ਸ: ਨਰੈਣ ਸਿੰਘ ਜੀ ਐਮ. ਏ., ਪਟਿਆਲਾ ]

ਸਿਖ ਦਾ ਵਿਸ਼ਵਾਸ ਹੈ ਕਿ ਸ਼ਬਦ ਗੁਰੂ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅੰਦਰ ਸਦਾ ਸਥਿਰ ਜਾਗਤ ਜੋਤਿ ਦਾ ਥਾਂ ਰਖਦਾ ਹੈ ਅਤੇ ਗੁਰਦੁਆਰਾ ਜਿਥੇ ਇਸ ਜਾਗਤ ਜੋਤਿ ਦਾ ਪ੍ਰਕਾਸ਼ ਹੈ, ਗੁਰੂ ਦਾ ਉਹ ਸਥਾਨ ਹੈ ਜਿਥੋਂ ਗੁਰੂ ਦਾ ਹੁਕਮ ਪਰਤੱਖ ਰੂਪ ਵਿਚ ਸਿਖ ਪ੍ਰਤੀ ਅਰਸ਼ਾਦ ਹੁੰਦਾ ਹੈ, ਜਿਸ ਨੂੰ ਸੁਨਣ ਲਈ ਸਿਖ ਨੂੰ ਹਰ ਰੋਜ਼ ਸਵੇਰੇ ਗੁਰਦੁਆਰੇ ਹਾਜ਼ਰੀ ਭਰਨ ਦਾ ਆਦੇਸ਼ ਦਿਤਾ ਗਿਆ ਹੋਇਆ ਹੈ।

ਇਸ ਸ਼ਬਦ-ਗੁਰੂ ਦੀ ਪੂਜਾ-ਪ੍ਰਸਤੱਸ਼ ਦਾ ਵਾਹਿਦ ਸਾਧਨ ਗੁਰੂ ਦੀ ਹਜ਼ੂਰੀ ਵਿਚ ਜੁੜੀ ਸੰਗਤ ਅੰਦਰ ਸ਼ਾਮਲ ਹੋ ਕੇ ਗੁਰੂ ਦੇ ਸ਼ਬਦ ਦਾ ਕੀਰਤਨ ਕਰਨਾ ਤੇ ਸੁਨਣਾ ਹੈ, ਇਸ ਨੂੰ ਹੀ ਸਿਖ ਦੇ ਕਰਨ ਯੋਗ ਸਭ ਤੋਂ ਉਤਮ ਕਰਮ ਮੰਨਿਆ ਹੈ : ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥੮॥ (ਪੰਨਾ ੬੪੨)

ਸੰਗਤਿ ਦਾ ਮਹੱਤਵ ਬਹੁਤ ਜ਼ਿਆਦਾ ਦਸਿਆ ਹੈ, ਬਲਕਿ ਇਥੋਂ ਤਕ ਕਿਹਾ ਹੈ :

'ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ' ॥੬॥ (ਪੰਨਾ ੪੨੭)

ਅਤੇ ਸੰਗਤ, ਜਿਸ ਨੂੰ ਸਿਖ ਧਰਮ-ਕੋਡ ਅੰਦਰ 'ਸਤ-ਸੰਗਤਿ' ਦਾ ਨਾਉਂ ਦਿਤਾ ਹੈ, ਬਾਰੇ ਕਿਹਾ ਹੈ :

—ਸਤ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥੫॥ (ਪੰਨਾ ੭੨)

ਅਤੇ— ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥ (ਪੰਨਾ ੯੨)

ਐਸੀ ਸੰਗਤਿ ਅਤੇ ਕੀਰਤਨ ਗੁਰੂ ਦੀ ਹਾਜ਼ਰੀ ਵਿਚ ਹੁੰਦੇ ਹਨ । ਇਉਂ ਗੁਰਦੁਆਰਾ ਸਿਖ ਦੀ ਜ਼ਿੰਦਗੀ ਅੰਦਰ ਅਤਿ ਮਹੱਤਵਪੂਰਨ ਸਥਾਨ ਰਖਦਾ ਸਾਬਤ ਹੁੰਦਾ ਹੈ, ਜਿਸ ਦੀ ਬੇਹੁਰਮਤੀ ਸਿਖ ਕਦਾਚਿਤ ਨਹੀਂ ਸਹਿ ਸਕਦਾ। ਇਸ ਦਾ ਸਬੂਤ ਅਠਾਰ੍ਹਵੀਂ ਸਦੀ ਦਾ ਸਮੁਚਾ ਸਿਖ ਇਤਿਹਾਸ ਅਤੇ 1920 ਤੋਂ 1925 ਦੇ ਗੁਰਦੁਆਰਿਆਂ ਨਮਿਤ ਸਿਖਾਂ ਵਲੋਂ ਲਗਾਏ ਮੋਰਚੇ ਅਤੇ ਇਨ੍ਹਾਂ ਅੰਦਰ ਸਹੀਆਂ ਮੁਸੀਬਤਾਂ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਵਾਰੀਆਂ ਜਾਨਾਂ ਹਨ।

ਸਿਖ ਲਈ ਗੁਰਦੁਆਰਿਆਂ ਦੀ ਹੋਂਦ ਇਸ ਪੱਖੋਂ ਭੀ ਮਹੱਤਵਪੂਰਨ ਹੈ ਕਿ ਸਿਖ ਦਾ, ਜੀਵਨ ਅੰਦਰ ਰੋਲ, ਜਿਸ ਨੂੰ 'ਸੰਤ ਸਿਪਾਹੀ' ਦਾ ਨਾਮ ਦਿਤਾ ਗਿਆ ਹੋਇਆ ਹੈ. ਨਿਰਾ ਭਗਤੀ ਨਹੀਂ, ਬਲਕਿ ਸੂਰਮਗਤੀ ਭੀ ਹੈ। ਗੁਰੂ ਹਰਿ ਗੋਬਿੰਦ ਸਾਹਿਬ ਨੇ ਸਿਖ ਦਾ ਕਰਮ 'ਗਰੀਬ ਦੀ ਰਖਿਆ ਅਤੇ ਜਰਵਾਣੇ ਦੀ ਭਖਿਆ' ਦਸਦੇ ਹੋਏ ਹੀ ਉਸ ਨੂੰ ਸ਼ਸਤਰ ਫੜਾਇਆ ਸੀ । ਅਜਿਹੀਆਂ ਸੰਗਤਾਂ ਅਤੇ ਸੰਗਤਾਂ ਦੇ ਜੁੜਨ ਦੇ ਸਥਾਨ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ ਹੁੰਦੇ ਰਹੇ, ਜਿਨ੍ਹਾਂ ਵਿਚੋਂ 'ਸੰਗਤ ਸਾਹਿਬ' ਨਾਮ ਦੇ ਕਈ ਸਥਾਨ, ਹੁਣ ਭੀ ਮੌਜੂਦ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਾਲ ਦੇ ਆਖ਼ਰੀ ਕਈ ਸਾਲ ਰਾਵੀ ਕੰਢੇ ਕਰਤਾਰਪੁਰ ਬਿਤਾਏ ਸਨ, ਜਿਥੇ ਆਪ ਨੇ ਗੁਰਦੁਆਰਾ ਕਾਇਮ ਕੀਤਾ । ਆਪ ਤੋਂ ਪਿਛੋਂ ਖੰਡੂਰ ਸਾਹਿਬ, ਗੋਇੰਦਵਾਲ, ਰਾਮਦਾਸਪੁਰ (ਅੰਮ੍ਰਿਤਸਰ), ਕੀਰਤਪੁਰ, ਆਨੰਦਪੁਰ ਸਾਹਿਬ ਗੁਰੂ ਸਾਹਿਬਾਨ ਦੇ ਸਥਾਪਤ ਗੁਰਦੁਆਰੇ ਹੀ ਹਨ।

ਅਤੇ ਆਪ ਜੀ ਵਲੋਂ ਅਕਾਲ ਤਖ਼ਤ ਦੀ 1609 ਵਿਚ ਸਥਾਪਨਾ ਅਤੇ ਇਸ ਤੋਂ ਪਹਿਲੋਂ ਗੁਰਗੱਦੀ ਤੇ ਬੈਠਣ ਸਮੇਂ ਦੋ ਤਲਵਾਰਾਂ, ਜੋ ਪੀਰੀ ਤੇ ਮੀਰੀ ਦੀਆਂ ਪਰਤੀਕ ਸਨ, ਪਹਿਨਣਾ ਇਸੇ 'ਸੰਤ ਸਿਪਾਹੀ' ਦੇ ਰੋਲ ਦੀਆਂ ਹੀ ਸੂਚਕ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਸਿਖ ਦਾ ਜੀਵਨ ਉਦੇਸ਼ ਹੀ—

'ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ' ॥੪੩॥ (ਬਚਿਤ੍ਰ ਨਾਟਕ ਧਿਆ: ੬) ਦਸਿਆ ਸੀ। ਪਰ ਸਿਖ ਦੇ ਜੀਵਨ ਅੰਦਰ ਸੰਤ ਅਤੇ ਸਿਪਾਹੀ ਦੇ ਸੁਮੇਲ ਦਾ ਵਿਚਾਰ ਗੁਰੂ ਹਰਿ ਗੋਬਿੰਦ ਦੇ ਸਮੇਂ ਹੀ ਨਹੀਂ ਸੀ ਉਗਮਿਆ, ਸਗੋਂ ਇਸ ਵਿਚਾਰ ਦਾ ਬੀਜ ਐਮਨਾਬਾਦ ਅੰਦਰ ਹੋਈ ਕਤਲੇਆਮ ਨੂੰ ਵੇਖ, ਗੁਰੂ ਨਾਨਕ ਦੇਵ ਜੀ ਵਲੋਂ ਬੀਜਿਆ ਜਾ ਚੁਕਾ ਸੀ। ਉਨ੍ਹਾਂ ਦਾ ਫ਼ੁਰਮਾਨ ਹੈ—



www.AKJ.Org

'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ' ॥੨੦॥ (ਪੰਨਾ ੧੪੧੨)

ਅਤੇ– 'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥੩॥ (ਪੰਨਾ ੫੭੯–੮੦)

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ 'ਸੰਤ ਸਿਪਾਹੀ' ਦਾ ਆਦਰਸ਼ ਸਿਖੀ ਦੇ ਆਦਿ ਕਾਲ ਤੋਂ ਹੀ ਮਿਥਿਆ ਜਾ ਚੁਕਾ ਹੋਇਆ ਸੀ, ਜਿਸ ਨੂੰ ਮਉਲਦਾ ਕਰਨ ਲਈ ਸਵਾ ਦੋ ਸੌ ਸਾਲ ਲਗੇ ਅਤੇ ਜਿਸ ਨੂੰ ਅੰਤਮ ਤੇ ਸੰਪੂਰਨ ਰੂਪ ਸੰਨ 1699 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਸਿੰਘ' ਸਰੂਪ ਅਤੇ ਨਾਮ ਹੇਠ ਦਿਤਾ । ਇਸ ਤੋਂ ਸਿਧ ਹੁੰਦਾ ਹੈ ਕਿ 'ਸਿੰਘ' ਸਿਖਰ (Culmination) ਸੀ, ਸਿਖ ਦੀ ਹੋਂਦ ਦਾ । ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਦੇ ਉਸੇ ਚਿਤਰ ਨੂੰ ਆਖ਼ਰੀ ਛੋਹਾਂ (final touches) ਦਿਤੀਆਂ, ਜਿਸ ਦਾ ਖ਼ਾਕਾ ਗੁਰੂ ਨਾਨਕ ਦੇਵ ਜੀ ਖਿਚ ਗਏ ਸਨ। ਦੂਜੀ ਗੱਲ ਇਹ ਭੀ ਸਮਝ ਲੈਣ ਵਾਲੀ ਹੈ ਕਿ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੋ ਨਹੀਂ, ਬਲਕਿ ਇਕੋ ਜੋਤਿ ਦੇ ਅਡ ਅਡ ਸਮਿਆਂ ਦੇ ਦੋ ਨਾਮ ਸਨ।

'ਜੋਤਿ ਓਹਾ ਜੁਗਤਿ ਸਾਇ ਸਹ ਕਾਇਆ ਫੇਰਿ ਪਲਟੀਐ ॥੨॥ (ਪੰਨਾ ੯੬੬)

ਇਸ ਤਰ੍ਹਾਂ ਸਵਾ ਦੋ ਸੌ ਸਾਲ ਸਮੁਚੇ ਕਾਂਡ ਨੂੰ ਇਕ ਨਜ਼ਰ ਵੇਖਦੇ ਹੋਏ ਇਹੋ ਕਹਿਆ ਜਾਏਗਾ ਕਿ ਸੰਨ 1699 ਦੀ ਵਿਸਾਖੀ ਪਿਛੋਂ ਅਗਰ ਕੋਈ ਸਿਖ ਕਹੇ ਜਾਣ ਦਾ ਹੱਕਦਾਰ ਹੈ ਤਾਂ ਉਹ 'ਸੰਪੂਰਨ ਰੂਪ' ਅੰਦਰ (culminated) ਪ੍ਰਗਟ ਕੀਤਾ ਖੰਡੇ ਦਾ 'ਅੰਮ੍ਰਿਤਧਾਰੀ ਸਿੰਘ' ਹੀ ਹੈ । ਇਸ ਤੋਂ ਬਿਨਾ ਕਿਸੇ ਦਾ ਸਿਖ ਕਹਾਉਣ ਦਾ ਕੋਈ ਅਧਿਕਾਰ ਨਹੀਂ।

ਇਕ ਹੋਰ ਗੱਲ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਅੰਤਮ ਰੂਪ ਦਿਤਾ, ਉਹ ਸ਼ਬਦ-ਗੁਰੂ ਨੂੰ ਵਾਸਤਵਿਕ ਰੂਪ ਵਿਚ ਪ੍ਰਵਾਣ ਕਰਨ ਅਤੇ ਸ਼ਖਸੀ ਗੁਰੂ ਦਾ ਸਦੀਵੀ ਭੋਗ ਪਾ ਦੇਣ ਦੀ ਸੀ। ਇਸ ਦਾ ਨਿਰਣਾ ਗੁਰੂ ਨਾਨਕ ਦੇਵ ਜੀ ਨੇ "ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ" ॥ (੬੩੫) ਕਹਿ ਕੇ ਸ਼ੁਰੂ ਵਿਚ ਹੀ ਦੇ ਦਿਤਾ ਹੋਇਆ ਸੀ, ਜਿਸ ਦੀ ਪੁਸ਼ਟੀ ਗੁਰੂ ਰਾਮਦਾਸ ਜੀ ਨੇ 'ਬਾਣੀ ਗੁਰੂ ਗੁਰੂ ਹੈ ਬਾਣੀ' (੯੮੨) ਕਹਿ ਕੇ ਕੀਤੀ ਹੋਈ ਸੀ । ਦੂਜੀ ਗੱਲ, ਜੋ ਸ੍ਰੀ ਦਸਮੇਸ਼ ਜੀ ਨੇ ਕੀਤੀ ਅਤੇ ਜਿਸ ਦਾ ਨਿਰਣਾ ਉਹ ਸੰਨ 1699 ਵਿਸਾਖੀ ਵਾਲੇ ਦਿਨ ਹੀ ਪੰਜ ਪਿਆਰਿਆਂ ਪਾਸੋਂ ਖ਼ੁਦ ਅੰਮ੍ਰਿਤ ਛਕ ਕੇ ਦੇ ਚੁੱਕੇ ਹੋਏ ਸਨ, ਪੰਜਾਂ ਦੀ ਸਰਦਾਰੀ (ਪ੍ਰਧਾਨਤਾ) (collective leadership) ਕਬੂਲਣ ਦਾ ਸੀ । ਜਦੋਂ ਤੋਂ ਦੋਹਾਂ ਨਿਰਣਿਆਂ ਨੂੰ ਸੰਪੂਰਨ ਰੂਪ, ਆਪ ਨੇ 1704 ਵਿਚ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲੋਂ 'ਸ਼ਬਦ ਗੁਰੂ' ਦੀ ਸਰਪ੍ਰਸਤੀ ਅਤੇ ਅਗਵਾਈ ਹੇਠ ਪੰਥ ਖਾਲਸਾ ਨੂੰ ਅਥਵਾ 'ਗ੍ਰੰਥ ਪੰਥ' ਨੂੰ ਗੁਰ ਗਦੀ ਤੇ ਸਥਾਪਤ ਕਰ ਕੇ ਦਿਤਾ ਤਦੋਂ ਤੋਂ ਪੰਥ ਦੀ ਲੀਡਰਸ਼ਿਪ ਤਥਾ ਗੁਰਿਆਈ ਦਾ ਅਧਿਕਾਰ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਪੰਜ ਪਿਆਰਿਆਂ, (The best Five Sikhs) ਨੂੰ ਦਿਤਾ ਗਿਆ ਹੋਇਆ ਹੈ । ਅਜਿਹੀ ਗੁਰੂ ਗ੍ਰੰਥ ਸਾਹਿਬ ਅਧੀਨ ਪੰਚ ਪ੍ਰਧਾਨੀ ਗੁਰਤਾ ਦੀ ਕਾਰ-ਕਰਦਗੀ (Functioning) ਦਾ ਕੇਂਦਰੀ ਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਹੈ, ਅਤੇ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਹੀ ਪੰਚ ਪ੍ਰਧਾਨੀ ਲੀਡਰਸ਼ਿਪ ਦਾ ਹੈਡ ਹੈ, ਜੋ ਪੰਜਾਂ ਸਿੰਘ ਸਾਹਿਬਾਨ ਦੇ ਸਰਬ-ਸੰਮਤੀ ਨਾਲ ਕੀਤੇ ਫੈਸਲੇ (ਗੁਰਮਤੇ) ਅਨੁਸਾਰ ਸਮੁਚੇ ਸਿਖ ਪੰਥ ਲਈ ਹੁਕਮ ਜਾਰੀ ਕਰਦਾ ਹੈ, ਜਿਸ ਨੂੰ ਗੁਰੂ-ਹੁਕਮ ਦੇ ਤੁੱਲ ਮੰਨਿਆ ਜਾਂਦਾ ਹੈ। ਜੇ ਪੰਚ ਪ੍ਰਧਾਨੀ ਖਾਲਸਾ ਜ਼ਰੂਰਤ ਸਮਝੇ ਤਾਂ ਕਿਸੇ ਵਿਸ਼ੇਸ਼ ਇਸ਼ੂ ਤੇ ਫੈਸਲਾ ਲੈਣ ਲਈ ਸਮੁਚੇ ਪੰਥ ਦੀ ਇਕੱਤਰਤਾ, ਜਿਸ ਨੂੰ "ਸਰਬੱਤ ਖਾਲਸਾ" ਕਿਹਾ ਜਾਂਦਾ ਹੈ, ਸ੍ਰੀ ਅਕਾਲ ਤਖਤ ਸਾਹਿਬ ਤੇ ਬੁਲਾ ਕੇ ਅਜਿਹਾ ਫੈਸਲਾ ਲੈ ਸਕਦਾ ਅਤੇ ਉਸ ਅਨੁਸਾਰ ਹੁਕਮਨਾਮਾ ਜਾਰੀ ਕਰ ਸਕਦਾ ਹੈ, ਪ੍ਰੰਤੂ 'ਸਰਬੱਤ ਖਾਲਸੇ' ਦੇ ਫੈਸਲੇ ਦੀ ਵਿਸ਼ੇਸ਼ਤਾ ਇਸ ਗੱਲ ਦੀ ਹੈ ਕਿ ਇਹ ਹਮੇਸ਼ਾ ਸਰਬ-ਸੰਮਤੀ ਨਾਲ (unanimously) ਹੁੰਦਾ ਹੈ–ਇਸ ਵਿਚ ਵੋਟ-ਸ਼ੁਮਾਰੀ ਲਈ ਕੋਈ ਥਾਉਂ ਨਹੀਂ । ਅਜਿਹਾ ਕੁਝ ਅਠਾਰ੍ਹਵੀਂ ਸਦੀ ਅਤੇ ਫਿਰ ਅਕਾਲੀ ਲਹਿਰ ਸਮੇਂ ਹੋਏ ਸਾਰੇ ਫੈਸਲਿਆਂ ਤੇ ਲਾਗੂ ਹੁੰਦਾ ਰਿਹਾ ਹੈ। 15 ਨਵੰਬਰ 1920 ਨੂੰ ਪਹਿਲੀ 175 ਮੈਂਬਰਾਂ ਦੀ ਸ਼੍ਰੋ: ਗੁ: ਪ੍ਰ: ਕਮੇਟੀ ਵੀ ਇਉਂ ਹੀ ਚੁਣੀ ਗਈ ਸੀ।

www.AKJ.Org

# ਪਹਿਲਾ ਘਲੂਘਾਰਾ [੪]

[ ਕੈਪਟਿਨ ਸਵਰਨ ਸਿੰਘ ਜੀ ]

ਲਖਪਤ ਰਾਏ ਦਾ ਟਿੱਡੀ ਦਲ ਬਟਾਲੇ ਤੋਂ ੧੫ ਕੁ ਕਿਲੋਮੀਟਰ ਅਗੇ ਹੋ ਕੇ ਕਾਹਨੂੰਆਨ ਦੀ ਜੂਹ ਵਿਚ ਖਿਲਰਿਆ ਹੋਇਆ ਸੀ। ਸਿੰਘ ਸੰਘਣੀ ਝਲ ਤੇ ਜੰਗਲ ਦੀਆਂ ਛੋਟੀਆਂ ਛੋਟੀਆਂ ਟੁਕੜੀਆਂ ਦੀਆਂ ਠੋਹੀਆਂ ਛੱਡ ਕੇ ਪਿਛਾਂਹ ਹਟ ਰਹੇ ਸਨ। ਦੁਸ਼ਮਣ ਸੈਨਾ ਅਗਾਂਹ ਵਧ ਰਹੀ ਸੀ ਤੇ ਸਿੰਘਾਂ ਨੂੰ ਪੈਂਤੜੇ ਤੋਂ ਉਖੇੜਨ ਲਈ ਉਹਨਾਂ ਤੇ ਦਬਾਅ ਪਾਉਂਦੀ ਆ ਰਹੀ, ਸਿੰਘਾਂ ਨੂੰ ਪਿਛਾਂਹ ਧਕੀ ਆ ਰਹੀ ਸੀ। ਕਾਹਨੂੰਆਨ ਦੀ ਛੰਭ ਦਾ ਆਸਰਾ ਲੈ ਕੇ ਸਿੰਘ ਇਸ ਵਿਚ ਡੱਟ ਗਏ। ਫੌਜਾਂ ਨੇ ਘੇਰਾ ਕੱਸ ਕੇ ਸਿੰਘਾਂ ਨੂੰ ਬਾਹਰ ਨਿਕਲਣੋਂ ਰੋਕ ਦਿਤਾ। ਤੋਪਾਂ, ਰਹਿਕਲੇ ਤੇ ਜ਼ੰਬੂਰੇ ਅਗੇ ਕਰ ਕੇ ਸਿੰਘਾਂ ਉਤੇ ਵਾੜਾਂ ਝਾੜਨ ਲੱਗ ਪਏ। ਸਿੰਘ ਇਹਨਾਂ ਡਾਢੇ ਸੰਘਣੇ ਤੇ ਕੰਡਿਆਲੇ ਜੰਗਲਾਂ ਦੇ ਭੇਤੀ ਸਨ, ਸੋ ਬੜੀ ਆਸਾਨੀ ਨਾਲ ਮਿਰਗਾਂ ਵਾਂਗ ਚੁੰਗੀਆਂ ਮਾਰਦੇ ਹੋਏ ਵਿਚ ਫਿਰੀ ਜਾਂਦੇ। ਸਰਕਾਰੀ ਫੌਜ ਡਰਦੀ ਅੰਦਰ ਨਾ ਵੜਦੀ, ਬਾਹਰ ਬਾਹਰ ਹੀ ਦਮਗਜੇ ਮਾਰਦੀ। ਮੁਲਖਈਆ ਤੇ ਛੇੜਾਂ ਤਾਂ ਜੰਗਲ ਦੇ ਕੰਢੇ ਤਕ ਵੀ ਨਾ ਆਉਂਦੇ। ਦੂਰੋਂ ਫੋਕੇ ਹੀ "ਅੱਲਾ ਹੂ ਅਕਬਰ" ਤੇ "ਯਾ ਅਲੀ! ਯਾ ਅਲੀ!" ਦੇ ਨਾਅਰੇ ਮਾਰੀ ਜਾਂਦੇ। ਛੋਟੀਆਂ ਮੋਟੀਆਂ ਝੜਪਾਂ ਹੁੰਦੀਆਂ। ਕਈ ਵਾਰ ਮੌਕਾ ਪਾ ਕੇ ਰਾਤ ਵੇਲੇ ਸਿੰਘ ਆਪਣੇ ਘੁਰਨਿਆਂ ਵਿਚੋਂ ਨਿਕਲ ਕੇ ਫੌਜ ਉਤੇ ਆ ਪੈਂਦੇ। ਰਸਦ ਪੱਠਾ ਤੇ ਜੋ ਹੋਰ ਸਾਜ਼ੋ ਸਾਮਾਨ ਹੱਥ ਲਗਦਾ, ਲੁਟ ਖੋਹ ਕੇ ਫਿਰ ਝਲ ਵਿਚ ਜਾ ਵੜਦੇ। ਇਸ ਤਰ੍ਹਾਂ ਫੌਜ ਵਿਚ ਤੜਥਲੀ ਮੱਚ ਜਾਂਦੀ। ਕਈ ਵਾਰ ਗਹਿ-ਗੱਚ ਝੜਪਾਂ ਵੀ ਹੁੰਦੀਆਂ, ਪਰ ਬਹੁਤਿਆਂ ਅੱਗੇ ਥੋੜਿਆਂ ਦੀ ਪੇਸ਼ ਨਾ ਜਾਂਦੀ। ਦੁਸ਼ਮਣ ਪਾਏ ਘੇਰੇ ਨੂੰ ਤੰਗ ਕਰੀ ਆ ਰਿਹਾ ਸੀ। ਇਸ ਵੇਲੇ ਸਿੰਘ ਬੁਰੇ ਕੁਥਾਂ ਫਸੇ ਹੋਏ ਸਨ। ਖਾਣੇ ਦਾਣੇ ਦਾ ਸਾਮਾਨ ਮੁਕ ਚੁਕਾ ਸੀ। ਬਾਹਰੋਂ ਕਿਥੋਂ ਆਉਣਾ ਸੀ। ਸਾਰਾ ਮਾਲ-ਗੁਜ਼ਾਰ ਤਾਂ ਵੈਰੀ ਬਣਿਆ ਹੋਇਆ ਸੀ। ਨਾ ਕਿਸੇ ਪਾਸਿਓਂ ਖਾਣ ਨੂੰ ਮਿਲਣ ਦੀ ਆਸ ਸੀ ਤੇ ਨਾ ਕਿਤਿਓਂ ਦਾਰੂ ਸਿੱਕਾ ਹੀ ਪਹੁੰਚ ਜਾਣ ਦੀ ਉਮੀਦ ਸੀ। ਦੂਜੇ ਪਾਸੇ ਫੌਜਾਂ, ਤੋਪਾਂ, ਬੰਦੂਕਾਂ, ਘੋੜ-ਰਸਾਲੇ ਤੇ ਲਖਾਂ ਦੀ ਗਿਣਤੀ ਵਿਚ ਨਾਲ ਛੇੜਾਂ ਸਨ। ਉਹਨਾਂ ਨੂੰ ਲਾਹੌਰੋਂ ਗੋਲਾ ਬਰੂਦ ਤੇ ਰਸਦ ਪੱਠਾ ਧੜਾ-ਧੜ ਪੁਜ ਰਿਹਾ ਸੀ। ਸਿੰਘਾਂ ਅਤੇ ਦੁਸ਼ਮਣ ਦਾ ਲੂਣ ਤੇ ਆਟੇ ਦਾ ਵੀ ਮੁਕਾਬਲਾ ਨਹੀਂ ਸੀ। ਪਰ ਫਿਰ ਵੀ ਸਿੰਘ ਅਕਾਲ ਪੁਰਖ ਦਾ ਆਸਰਾ ਲੈ ਕੇ ਦੁਸ਼ਮਨ ਨਾਲ ਲੋਹਾ ਲਈ ਜਾ ਰਹੇ ਸਨ।

ਜੰਗਲੀ ਜਾਨਵਰਾਂ ਦੇ ਸ਼ਿਕਾਰ ਤੇ ਗੁਜ਼ਾਰਾ ਕੀਤਾ। ਪਰ ਜਦ ਇਹ ਵੀ ਖ਼ਤਮ ਹੋ ਗਿਆ ਤਾਂ ਘਾਹ ਪੱਠੇ ਖਾ ਖਾ ਕੇ ਵਕਤ-ਕਟੀ ਕਰਨ ਲੱਗੇ। ਕੱਚੇ ਪਿਲੇ ਜੋ ਸਿੰਘਾਂ ਦੀ ਚੜ੍ਹਤ ਵੇਖ ਕੇ, ਤੇ ਸਰਕਾਰੀ ਆਮਲਾਂ ਤੇ ਅਹਿਦੀਆਂ ਦੀ ਮਾਲਗੁਜ਼ਾਰੀ ਦੀ ਵਸੂਲੀ ਵੇਲੇ ਤਅੱਦੀ ਤੇ ਬੇਪਤੀ ਹਥੋਂ ਡਰਦੇ ਸਿੰਘਾਂ ਵਾਂਗ ਸਰਕਾਰੀ ਜ਼ਖ਼ੀਰਿਆਂ ਵਿਚੋਂ ਖੋਹ-ਖਿੰਜ ਕੇ ਖਾਣ ਦੇ ਚਾਅ ਨਾਲ ਉਹਨਾਂ ਨਾਲ ਆ ਰਲੇ ਸਨ ਤੇ ਕਦੀ ਇਹੋ ਜਿਹਾ ਡਾਢਾ ਵਖਤ ਨਹੀਂ ਸੀ ਵੇਖਿਆ, ਇਸ ਮੁਸੀਬਤ ਦਾ ਟਾਕਰਾ ਨਾ ਕਰ ਸਕੇ ਤੇ ਹੀਆ ਹਾਰ ਕੇ ਨਿਕਲ ਭਜੇ। ਲਖਪਤ ਰਾਏ ਨੇ ਪਲਾ ਫੇਰ ਦਿਤਾ ਕਿ ਜੋ ਸਿੰਘਾਂ ਦਾ ਸਾਥ ਛੱਡ ਕੇ ਸਾਡੇ ਪਾਸ ਆ ਕੇ ਹਥਿਆਰ ਰਖ ਦੇਵੇਗਾ, ਕੇਸ ਕਟਾ ਕੇ ਮੁੜ ਹਿੰਦੂ ਬਣ ਜਾਵੇਗਾ, ਮੁਆਫ਼ ਕਰ ਦਿਤਾ ਜਾਵੇਗਾ। ਭੇਖਧਾਰੀ ਲੋਟੂ, ਜਿਨ੍ਹਾਂ ਦਾ ਧਰਮ ਤੇ ਅਣਖ ਆਣ ਨਾਲ ਕੋਈ ਸੰਬੰਧ ਨਹੀਂ ਸੀ, ਸਿੰਘਾਂ ਦਾ ਸਾਥ ਛੱਡ, ਬਾਣਾ ਬਦਲ ਕੇ ਪਤਰਾ ਵਾਚ ਗਏ ਤੇ ਮਾਵਾਂ ਪਾਸ ਜਾਂ ਬੈਠੇ। ਮੁਸੀਬਤ ਦੀ ਕੁਠਾਲੀ ਵਿਚ ਪੈ ਕੇ ਖੋਟ ਝੜ ਗਿਆ ਤੇ ਕੁੰਦਨ ਇਕ ਪਾਸੇ ਹੋ ਗਿਆ। ਸੋ ਪਿਛੇ ਸਿਰਫ਼ ਉਹੋ ਹੀ ਰਹਿ ਗਏ ਸਨ, ਜੋ ਸੁਚੇ ਫੌਲਾਦ ਵਰਗੇ ਸੱਚੇ ਸੁੱਚੇ ਸਿੰਘ ਸਨ ਤੇ ਆਪਣੀ ਅਣਖ ਲਈ ਮਰ ਮਿਟਣਾ ਇਕ ਖੇਡ ਸਮਝਦੇ ਸਨ।

**ਝਲਾਂ ਨੂੰ ਅੱਗ–**

ਲਖਪਤ ਨੇ ਵੇਖਿਆ ਕਿ ਫੌਜ ਰਸਤਿਆਂ ਤੋਂ ਬਿਨਾ ਜੰਗਲ ਵਿਚ ਨਹੀਂ ਵੜ ਸਕਦੀ। ਸੋ ਉਸ ਨੇ ਹਜ਼ਾਰ



www.AKJ.Org

ਬੇਲਦਾਰ ਮੰਗਵਾ ਕੇ ਰਸਤੇ ਬਣਾਉਣੇ ਆਰੰਭ ਕਰ ਦਿੱਤੇ। ਪਰ ਜਦ ਇਹ ਬੇਲਦਾਰ ਸਿੰਘਾਂ ਦੇ ਤੀਰਾਂ ਤੇ ਗੋਲੀਆਂ ਦਾ ਨਿਸ਼ਾਨਾ ਬਣਨ ਲੱਗ ਪਏ ਤਾਂ ਇਸ ਪਾਸੇ ਕੰਮ ਲਈ ਕੋਈ ਮੂੰਹ ਨਾ ਕਰੇ। ਉਸ ਨੇ ਖਿਝ ਕੇ ਝਲਾਂ ਨੂੰ ਅੱਗ ਲਗਵਾ ਕੇ ਸਾੜਨਾ ਸ਼ੁਰੂ ਕਰ ਦਿਤਾ। ਅਤੇ ਪਾਸਿਆਂ ਤੋਂ ਤੋਪਾਂ ਮਾਰ ਮਾਰ ਕੇ ਸਿੰਘਾਂ ਨੂੰ ਅੰਦਰੇ ਹੀ ਭੁੰਨਣਾ ਆਰੰਭ ਦਿਤਾ। ਜੋ ਸ਼ਹੀਦ ਹੋ ਗਏ, ਮੁਕਤ ਹੋ ਗਏ, ਪਰ ਫਟੜਾਂ ਦਾ ਤਾਂ ਬੁਰਾ ਹਾਲ ਹੋਵੇ। ਮਲ੍ਹਮ ਨਾ ਪੱਟੀ, ਨਾ ਕੋਈ ਫਟ-ਬੰਨ੍ਹ, ਨਾ ਡਿਗਿਆਂ ਦੀ ਸੇਵਾ ਸੰਭਾਲ ਦਾ ਕੋਈ ਪ੍ਰਬੰਧ। ਉਤੋਂ ਛੰਭ ਦਾ ਮੱਛਰ ਤੇ ਜੋਕਾਂ, ਖਾਣ ਪੀਣ ਨੂੰ ਵੀ ਕੁਝ ਨਾ ਲਭੇ। ਪਰ ਸਿੰਘਾਂ ਮੌਤ ਦੇ ਮੂੰਹ ਵਿਚ ਆ ਕੇ ਵੀ ਆਪਣੀ ਆਨ ਸ਼ਾਨ ਨੂੰ ਦਾਗ ਨਹੀਂ ਲਗਣ ਦਿਤਾ। ਆਪਣਾ ਹੱਠ ਨਹੀਂ ਛਡਿਆ ਤੇ ਦੁਸ਼ਮਣ ਨਾਲ ਮੱਥਾ ਡਾਹੀ ਰਖਿਆ।

ਸਰਕਾਰੀ ਢੰਡੋਰਚੀ ਬਾਹਰੋਂ ਉੱਚੀ ਉੱਚੀ ਆਵਾਜ਼ੇ ਦੇ ਕੇ ਕੂਕਣ ਕਿ ਬਾਹਰ ਆ ਕੇ ਹਥਿਆਰ ਸੁਟ ਕੇ ਅਧੀਨਗੀ ਮੰਨ ਲਵੋ, ਮੁਆਫ਼ ਕਰ ਦਿਤੇ ਜਾਓਗੇ। ਇਸੇ ਮਤਲਬ ਦੀਆਂ ਚਿਠੀਆਂ ਤੀਰਾਂ ਨਾਲ ਬੰਨ੍ਹ ਬੰਨ੍ਹ ਕੇ ਅੰਦਰ ਸੁਟੀਆਂ ਕਿ ਅਧੀਨਗੀ ਪਰਵਾਨ ਕਰ ਕੇ ਜਾਨਾਂ ਬਚਾ ਲਵੋ। ਜੋ ਸਿਰਾਂ ਧੜਾਂ ਦੀਆਂ ਲਾਈ ਬੈਠੇ ਹੋਣ, ਉਨ੍ਹਾਂ ਨੂੰ ਜ਼ਿੰਦਗੀ ਤੇ ਉਸ ਦੇ ਸੁਖ-ਸੁਆਦਾਂ ਦਾ ਲਾਲਚ ਦੇਣਾ ਤਾਂ ਇੰਜ ਹੈ ਜਿਵੇਂ ਕੋਈ ਸ਼ੇਰ ਦੇ ਰਹਿਣ ਵਾਲੇ ਸੰਘਣੇ ਜੰਗਲ ਲਾਗੇ ਜਾ ਕੇ ਆਖੇ ਕਿ ਜੰਗਲ ਦੇ ਬਾਦਸ਼ਾਹ, ਜੰਗਲੋਂ ਬਾਹਰ ਆ ਕੇ ਇਸ ਪਿੰਜਰੇ ਵਿਚ ਵੜ ਜਾ, ਬੈਠੇ ਨੂੰ ਸਭ ਕੁਝ ਮਿਲੇਗਾ, ਸੁਖ ਭੋਗੇਂਗਾ। ਸ਼ੇਰ ਨੂੰ ਧੋਖੇ ਨਾਲ ਫੜ ਕੇ ਬੇਸ਼ਕ ਸੌ ਵਾਰ ਕਿਸੇ ਨੇ ਪਿੰਜਰੇ ਪਾ ਲਿਆ ਤਾਂ ਪਾ ਲਿਆ, ਪਰ ਆਪਣੀ ਮਰਜ਼ੀ ਨਾਲ, ਆਪਣੀ ਅਣਖ ਆਜ਼ਾਦੀ ਤੱਜ ਕੇ ਉਹ ਪਿੰਜਰੇ ਵਿਚ ਆ ਵੜਿਆ ਹੋਵੇ, ਅੱਜ ਤੱਕ ਨਾ ਸੁਣਿਆ ਹੈ ਤੇ ਨਾ ਹੀ ਰਹਿੰਦੀ ਦੁਨੀਆ ਤਕ ਕੋਈ ਸੁਣੇਗਾ। ਇਹ ਸ਼ੇਰ ਦੀ ਫ਼ਿਤਰਤ ਤੋਂ ਪਰੇ ਹੈ। ਅੱਗ ਵਿਚ ਠੰਡ ਨਹੀਂ ਹੁੰਦੀ, ਜਦ ਤਕ ਬਲਦੀ ਹੈ, ਕੋਈ ਲਾਗੇ ਨਹੀਂ ਜਾ ਸਕਦਾ; ਠੰਡ ਹੋਈ ਤੋਂ ਬੇਸ਼ਕ ਉਸ ਤੇ ਕੁਤੇ ਲੇਟਦੇ ਫਿਰਨ। ਬਲਦੀ ਅੱਗ ਆਪਣਾ ਖਾਸਾ ਨਹੀਂ ਛਡਦੀ। ਇਹੋ ਹਾਲ ਸਿੰਘਾਂ ਦਾ ਸੀ। ਢੰਡੋਰਚੀ ਡੱਗਾ ਲਾ ਕੇ ਹਥਿਆਰ ਸੁਟਣ ਲਈ ਕੂਕਾਂ ਮਾਰਦੇ, ਸਿੰਘ ਅਗੋਂ ਰੋਹ ਨਾਲ ਜੈਕਾਰੇ ਛਡਦੇ। ਇੰਜ ਕੁਝ ਦਿਨ ਲੰਘੇ। ਨਾ ਤਾਂ ਸਿੰਘ ਹੀ ਦੁਸ਼ਮਣ ਦਾ ਕੁਝ ਵਿਗਾੜ ਸਕੇ ਤੇ ਨਾ ਵੈਰੀ ਹੀ ਉਹਨਾਂ ਤੇ ਵਿਜੈ ਪਾ ਸਕਿਆ। ਉਂਜ ਸਿੰਘਾਂ ਦੀ ਦਸ਼ਾ ਬਹੁਤ ਪਤਲੀ ਸੀ ਤੇ ਅਤੀ ਮੁਸੀਬਤ ਵਿਚ ਸਨ। ਫੌਜ ਤੇ ਮੁਲਖਈਏ ਨੂੰ ਕੋਈ ਔਖਿਆਈ ਨਹੀਂ ਸੀ। ਉਹਨਾਂ ਨੂੰ ਸਭ ਕੁਝ, ਲੀੜਾ ਕਪੜਾ, ਖਾਣਾ ਦਾਣਾ, ਗੋਲਾ ਬਰੂਦ ਮਿਲੀ ਜਾਂਦਾ ਸੀ ਤੇ ਜ਼ਖਮੀਆਂ ਬੀਮਾਰਾਂ ਲਈ ਪੂਰਾ ਪੂਰਾ ਪ੍ਰਬੰਧ ਸੀ। ਲਖਪਤ ਵਲੋਂ ਜੰਗਲ ਨੂੰ ਲਾਈ ਅੱਗ ਨੇ ਸਿੰਘਾਂ ਨੂੰ ਤਤਕਾਲ ਕੁਝ ਕਰਨ ਲਈ ਸੋਚ ਵਿਚ ਪਾ ਦਿਤਾ।

ਹੁਣ ਜਥੇਦਾਰਾਂ ਤੇ ਸਿਆਣੇ ਸਿੰਘਾਂ ਨੇ ਵਿਚਾਰਿਆ ਕਿ ਇਸ ਅਸਾਵੀਂ ਲੜਾਈ ਵਿਚ ਇਥੇ ਟਿਕਣਾ ਸੜ-ਭੁਜ ਮਰਨਾ ਹੈ। ਲੜਾਈ ਦੇ ਢਾਈ ਫਟ ਹੁੰਦੇ ਹਨ: ਇਕ ਈਨ ਮੰਨ ਕੇ ਮਿਲ ਪੈਣਾ; ਦੂਜਾ ਵੇਲਾ ਵੇਖ ਕੇ, ਮੁੜ ਟਾਕਰਾ ਕਰਨ ਦੀ ਆਸ ਨਾਲ, ਹਰਨ ਹੋ ਜਾਣਾ ਤੇ ਵੈਰੀ ਦੀ ਮਾਰ ਤੋਂ ਦੂਰ ਨਿਕਲ ਜਾਣਾ; ਤੇ ਅੱਧਾ ਫੱਟ ਹੁੰਦਾ ਹੈ ਵੈਰੀ ਦੇ ਗਲ ਪੈ ਕੇ ਲੜਦਿਆਂ ਆਪਾ ਵਾਰ ਜਾਣਾ। ਪਹਿਲੇ ਦਾ ਤਾਂ ਨਾਂ ਹੀ ਨਾ ਲਵੋ। ਖਾਲਸੇ ਲਈ ਇਸ ਪਾਸੇ ਸੋਚਣਾ ਹੀ ਪਾਪ ਹੈ। ਖਾਲਸਾ ਸਿਰਫ਼ ਗੁਰੂ ਤੋਂ ਬਿਨਾਂ ਕਦੇ ਕਿਸੇ ਦੀ ਈਨ ਨਹੀਂ ਮੰਨਦਾ। ਐਸ ਵੇਲੇ ਪਿਛਲਾ ਡੇਢ ਹੱਥ ਹੀ ਅਸੀਂ ਕਰ ਸਕਦੇ ਹਾਂ। ਵੈਰੀ ਪਾਸ ਤੋਪਾਂ ਬੰਦੂਕਾਂ ਤੇ ਰਸਾਲਾ ਹੈ। ਹਰ ਸਹੂਲਤ ਹੈ। ਸਾਡੇ ਪਾਸ ਤੋਪਾਂ ਬੰਦੂਕਾਂ ਦੀ ਗੱਲ ਤਾਂ ਇਕ ਪਾਸੇ ਰਹੀ, ਤਲਵਾਰਾਂ ਨੇਜ਼ੇ ਵੀ ਪੂਰੇ ਨਹੀਂ। ਸਾਡਾ ਬਹੁਤਾ ਹਿਸਾ ਪੈਦਲ ਹੈ। ਪੈਦਲ ਸਿੰਘਾਂ ਨੂੰ ਨਾਲ ਲੈ ਨਿਕਲਣ ਲਈ ਘੋੜਿਆਂ ਦੀ ਲੋੜ ਹੈ ਤੇ ਉਹ ਵੈਰੀ ਪਾਸ ਹਨ ਤੇ ਆਪਾਂ ਉਸ ਤੋਂ ਖੋਹ ਕੇ ਪ੍ਰਾਪਤ ਕਰਨੇ ਹਨ। ਵਿਉਂਤ ਬਣਾ ਕੇ ਵੈਰੀ ਨੂੰ ਭੁਚਲਾਇਆ ਜਾਵੇ।

ਸੋ ਇਕ ਘੜੀ ਗਈ ਗੁਰੀਲਾ ਚਾਲ ਦੇ ਅਧੀਨ ਇਕ ਦਿਨ ਲੌਢੇ ਕੁ ਵੇਲੇ ਸਿੰਘ ਝਲੋਂ ਨਿਕਲ ਕੇ ਇਕ ਪਾਸੇ ਨੂੰ ਭਜ ਨਿਕਲੇ। ਮਨਚਲੇ ਘੋੜ-ਸਵਾਰਾਂ ਦਾ ਇਕ ਜਥਾ ਜੰਗਲ ਦੇ ਅੰਦਰਵਾਰ, ਕੰਢੇ ਲਾਗੇ ਹੋ ਕੇ ਓਟ ਵਿਚ ਖੜਾ ਰਿਹਾ। ਭਜਦਿਆਂ ਸਿੰਘਾਂ ਦੇ ਮਗਰ ਪੈਣ ਵਾਲੀ ਫੌਜ ਦੇ ਸੱਜੇ ਹਿਸੇ ਤੇ ਜਾ ਪਿਆ ਤੇ ਉਚੀ ਉਚੀ ਜੈਕਾਰੇ



www.AKJ.Org

ਗਜਾ ਕੇ ਵਾਢ ਸ਼ੁਰੂ ਕਰ ਕੇ ਫੌਜ ਨੂੰ ਉਲਝਾ ਲਿਆ ।[10] ਦੁਵੱਲਿਓਂ ਕਾਫ਼ੀ ਨੁਕਸਾਨ ਹੋਇਆ, ਪਰ ਫੌਜ ਭਜ ਨਿਕਲਿਆਂ ਦੇ ਪਿਛੇ ਨਾ ਪੈ ਸਕੀ । ਇਥੇ ਹੀ ਉਲਝ ਕੇ ਰਹਿ ਗਈ। ਇਸ ਜਥੇ ਨੇ ਆਪ ਪੁਰਜਾ ਪੁਰਜਾ ਹੋ ਕੇ ਵਿਉਂਤ ਸਫਲ ਕਰਾ ਦਿਤੀ। ਲਖਪਤ ਨੇ ਸਮਝ ਲਿਆ ਕਿ ਅੱਜ ਦਾ ਮੋਰਚਾ ਮਾਰ ਲਿਆ ਹੈ । ਅੰਨ੍ਹੇਰਾ ਹੋ ਚੁਕਾ ਸੀ, ਸੋ ਸਿੰਘਾਂ ਦੇ ਮਗਰ ਲੱਗਣ ਦਾ ਕੰਮ ਕਲ੍ਹ ਸਵੇਰ ਤੇ ਪੈ ਗਿਆ । ਫੌਜ ਆਪਣੀ ਜਿੱਤ ਦੀ ਖੁਸ਼ੀ ਵਿਚ ਅਵੇਸਲੀ ਹੋ ਗਈ, ਪਰ ਪਹਿਰ ਕੁ ਰਾਤ ਗਈ ਨਾਲ ਸਿੰਘਾਂ ਆਣ ਦਰਸ਼ਨ ਦਿਤੇ ਤੇ ਛਾਪਾ ਮਾਰ ਕੇ ਉਘਲਾਂਦੇ ਦੁਸ਼ਮਣ ਨੂੰ ਉਠਣ ਤੋਂ ਪਹਿਲਾਂ ਹੀ ਦਬੋਚ ਕੇ ਕਈਆਂ ਦੇ ਆਹੂ ਲਾਹ ਸੁਟੇ । ਬਹੁਤ ਸਾਰੇ ਘੋੜੇ ਖੋਹ ਲਏ ਤੇ ਮੱਚੀ ਭਗਦੜ ਵਿਚ ਜੋ ਸਾਮਾਨ ਹੱਥ ਆਇਆ, ਲੈ ਕੇ ਜਿਧਰੋਂ ਆਏ ਸੀ, ਉਧਰ ਹੀ ਚਲੇ ਗਏ ।

ਸੜਿਆਂ ਜੰਗਲਾਂ ਤੇ ਝਲਾਂ ਵਿਚ ਸਿੰਘਾਂ ਵਾਸਤੇ ਲੁਕਣਾ ਤਾਂ ਇਕ ਪਾਸੇ, ਖੜੇ ਹੋਣ ਨੂੰ ਵੀ ਕਿਧਰੇ ਥਾਂ ਨਹੀਂ ਸੀ । 'ਕਰੋਧ ਨਾਲ ਕੋਲਾ ਹੋਇਆ ਲਖਪਤ ਹੁਣ ਆਪਣਾ ਤਾਣ ਅੱਗੇ ਨਾਲੋਂ ਵੀ ਬਹੁਤਾ ਲਾਵੇਗਾ', ਇਹ ਵਿਚਾਰ ਕੇ ਫ਼ੈਸਲਾ ਹੋਇਆ ਕਿ ਰਾਵੀ ਪਾਰ ਕਰ ਕੇ ਝਲੋ-ਝਲੀ ਪਹਾੜਾਂ ਨੂੰ ਨਿਕਲ ਜਾਈਏ । ਸ਼ਾਇਦ ਇਹ ਬਲਾ ਇੰਜ ਮਗਰੋਂ ਲਹਿ ਜਾਵੇ ।

### ਖਾਲਸਾ ਰਾਵੀ ਤੋਂ ਪਾਰ ਹੋ ਗਿਆ :–

ਖਾਲਸਾ ਦਲ ਹੁਣ ਰਾਵੀ ਤਲ ਨੂੰ ਉਲਰ ਪਿਆ । ਇਕ ਥਾਂ ਗਾਹਣ ਵੇਖ ਕੇ ਸਾਰੇ ਪਾਰ ਸੱਜੇ ਕੰਢੇ ਤੇ ਹੋ ਗਏ ।

ਦੂਜੇ ਪਾਸੇ ਲਖਪਤ ਰਾਏ ਕਿਹੜਾ ਘਟ ਸੀ । ਝੱਟ ਮਗਰ ਲੱਗ ਤੁਰਿਆ ਤੇ ਉਹ ਵੀ ਕੁਝ ਹੀ ਦਿਨਾਂ ਵਿਚ ਸਾਰਾ ਲਾਮ-ਲਸ਼ਕਰ ਲੈ ਕੇ, ਰਾਵੀ ਪਾਰ ਹੋ ਕੇ, ਸਿੰਘਾਂ ਦਾ ਖੁਰਾ ਨਪਦਾ ਹੋਇਆ ਆਣ ਪਹੁੰਚਾ ਤੇ ਝਲਾਂ ਝਾੜਨ ਲਗ ਪਿਆ । ਸੱਜੇ ਹੱਥ ਦਰਿਆ, ਪਿਛ ਤੋਪਖਾਨਾ ਤੇ ਖੱਬੇ ਹਥ ਘੋੜ-ਚੜ੍ਹੇ ਬਰਕ-ਅੰਦਾਜ਼ (ਵੱਡੀਆਂ ਵੱਡੀਆਂ ਬੰਦੂਕਾਂ ਵਾਲੇ) ਤੇ ਪਿੰਡਾਂ ਦੀਆਂ ਛੇੜਾਂ । ਸਿੰਘ ਝਲੋ-ਝਲੀ ਪਹਾੜ ਵਲ ਨੂੰ ਵਧ ਰਹੇ ਸਨ । ਇਥੇ ਵੀ ਖਾਣੇ ਦਾਣੇ ਵਲੋਂ ਮੰਦਾ ਹੀ ਹਾਲ ਸੀ । ਜਦੋਂ ਮੌਕਿਆ ਵੇਖਦੇ, ਝਲ ਚੋਂ ਬਾਹਰ ਨਿਕਲ ਕੇ ਝਪਟਾ ਮਾਰਦੇ, ਜੋ ਕੁਝ ਹੱਥ ਆਉਂਦਾ, ਫੌਜ ਪਾਸੋਂ ਖੋਹ-ਖਿੰਜ ਕੇ ਝਲ ਵਿਚ ਜਾ ਵੜਦੇ । ਲਖਪਤ ਨੇ ਇਥੇ ਵੀ ਝਲਾਂ ਨੂੰ ਅੱਗ ਲੁਆ ਕੇ ਸਾੜਨੀਆਂ ਸ਼ੁਰੂ ਕਰ ਦਿਤੀਆਂ । ਸਿੰਘਾਂ ਵਾਸਤੇ ਝਲਾਂ ਵਿਚ ਦੀ ਅਗਾਂਹ ਤੁਰਨਾ ਔਖਾ ਨਹੀਂ ਸੀ। ਫੌਜ ਭਾਵੇਂ ਵਿੱਚ ਨਹੀਂ ਸੀ ਵੜਦੀ, ਪਰ ਪਾਸਿਆਂ ਤੋਂ ਦੱਬੀ ਆ ਰਹੀ ਸੀ ।

### ਪੜੋਲ ਕਠੂਹੇ ਵਲ–

ਅੰਤ ਸਿੰਘਾਂ ਸੋਚਿਆ ਕਿ ਪੜੋਲ ਕਠੂਹੇ ਵਲ[2] ਵਧ ਚਲੋ । ਇਹ ਪਹਾੜੀ ਹਿੰਦੂ ਹਨ । ਅਸਾਂ ਇਹਨਾਂ ਸਿਰੋਂ ਤੁਰਕਾਨੀ ਜ਼ੁਲਮ ਦੀ ਛੱਟ ਲਾਹੀ ਹੋਈ ਹੈ, ਇਸ ਲਈ ਸਾਡੀ ਸਹਾਇਤਾ ਜ਼ਰੂਰ ਕਰਨਗੇ । ਪਰ ਸਿੰਘਾਂ ਦਾ ਇਹ ਭੋਲਾਪਨ ਸੀ । ਇਹ ਪਹਾੜੀਏ ਸਿੰਘਾਂ ਦੇ ਕਿਧਰ ਦੇ ਯਾਰ ਸਨ । ਬਹੁਤ ਚਿਰ ਨਹੀਂ ਸੀ ਹੋਇਆ, ਅਜੇ ਕਲ੍ਹ ਦੀ ਗੱਲ ਸੀ ਕਿ ਜਦ ਤੁਰਕਾਂ ਨੇ ਇਨ੍ਹਾਂ ਦੀ ਜੀਉਣਾ ਹਰਾਮ ਕਰ ਛਡਿਆ ਸੀ, ਇਹਨਾਂ ਦੀਆਂ ਇੱਜ਼ਤਾਂ ਪੈਰਾ ਵਿਚ ਰੋਲਦੇ ਸਨ, ਨਵੇਂ ਸੂਰਜ ਨਵੇਂ ਅਤਿਆਚਾਰ ਇਹਨਾਂ ਉਤੇ ਢਹਿ ਰਹੇ ਸਨ ਤਾਂ ਇਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਪਾਸ ਸਹਾਇਤਾ ਲਈ ਗੁਰੂ ਦਾ ਵਾਸਤਾ ਪਾ ਕੇ ਫ਼ਰਿਆਦ ਕੀਤੀ । ਜਦ ਸਿੰਘ ਸਾਹਿਬ ਨੇ ਇਨ੍ਹਾਂ ਦੇ ਵੈਰੀ ਸੋਧ ਕਢੇ, ਤਾਂ ਸਿਰ ਪਈ ਬਿਪਤਾ ਟਲ ਗਈ ਤੋਂ ਪਿਛੋਂ ਇਹ ਉਸ ਦੀ ਜਾਨ ਦੇ ਹੀ ਲਾਗੂ ਹੋ ਗਏ ਸਨ ਤੇ ਬੰਦਾ ਸਿੰਘ ਬਹਾਦਰ ਦੇ ਕਈ ਸਿੰਘ ਧੋਖੇ ਨਾਲ ਵੈਰੀਆਂ ਨੂੰ ਫੜਵਾ ਕੇ ਮਰਵਾ ਦਿਤੇ ਸਨ[3] । ਭੋਲੇ ਖਾਲਸੇ ਇਹ ਸਭ ਕੁਝ ਭੁਲ-ਭੁਲਾ ਕੇ ਬਸੋਹਲੀ ਦੀਆਂ ਪਹਾੜੀਆਂ ਵਲ ਨੂੰ ਹੋਏ ਕਿ ਪਹਾੜੀ ਹਿੰਦੂ ਇਨ੍ਹਾਂ ਦਾ ਇਹਸਾਨ ਮੰਨਦੇ ਹੋਏ ਆਸਰਾ ਦੇਣਗੇ । ਪਰ "ਪਹਾੜੀਏ ਮਿਤ ਕਿਸ ਕੇ" ਤੇ ਉਤੋਂ ਲਖਪਤ ਨੇ ਯਾਹੀਆ ਖ਼ਾਨ ਤੋਂ ਪਹਿਲਾਂ ਹੀ ਸਖ਼ਤ ਹੁਕਮ ਭਿਜਵਾ ਕੇ ਸਿੰਘਾਂ ਵਿਰੁਧ ਪ੍ਰਬੰਧ ਕਰ ਛਡਿਆ ਸੀ। ਸਿੰਘ ਪਹਾੜਾਂ ਵਲ ਚੜ੍ਹਨ ਲੱਗੇ ਤਾਂ ਅੱਗੇ


www.AKJ.org

ਪਹਾੜੀਆਂ ਦੇ ਪਰ੍ਹੇ ਨਜ਼ਰ ਆਏ, ਜੋ ਉਥੇ ਹੁਕਮ ਅਧੀਨ ਮਿਥ ਕੇ ਇਕੱਠੇ ਹੋਏ ਹੋਏ ਸਨ। ਮੁਸੀਬਤਾਂ ਝਾਗਦੇ ਆ ਰਹੇ ਸਿੰਘਾਂ ਸਮਝਿਆ ਕਿ ਇਹ ਪਹਾੜੀਏ ਸਾਨੂੰ ਲੈਣ ਲਈ ਅਗਲਵਾਢੀ ਆਏ ਹਨ, ਸੋ ਸਿੰਘ ਬੇ-ਖਟਕੇ ਉਹਨਾਂ ਵਲ ਵਧ ਗਏ, ਪਰ ਜੋ ਵੀ ਉਨ੍ਹਾਂ ਪਹਾੜੀਆਂ ਦੇ ਕਾਬੂ ਆਏ, ਥਾਂ ਤੇ ਹੀ ਮਾਰ ਦਿਤੇ ਗਏ। ਹੁਣ ਸਿੰਘਾਂ ਨੂੰ ਪਤਾ ਲਗਾ ਕਿ ਅਸੀਂ ਕੁਥਾਂ ਫਾਥੇ ਹਾਂ।[4]

ਸਾਹਮਣੇ ਪਹਾੜ ਹੈ, ਜਿਥੇ ਪਹਾੜੀਏ ਬੰਦੂਕਾਂ, ਨੇਜ਼ੇ ਤੇ ਤਲਵਾਰਾਂ ਫੜੀ ਲੜਨ ਲਈ ਤਿਆਰ ਖੜੇ ਹਨ। ਪਿਛੋਂ ਲਖਪਤ ਮੌਤ ਦੀ ਕਾਂਗ ਬਣ ਕੇ ਚੜ੍ਹਿਆ ਆ ਰਿਹਾ ਹੈ ਤੇ ਕਿਤੇ ਪਲ ਭਰ ਲਈ ਵੀ ਚੈਨ ਨਹੀਂ ਲੈਣ ਦੇਂਦਾ। ਸਲਾਹ ਹੋਈ ਕਿ ਰਾਵੀ ਟੱਪ ਕੇ ਰਿਆੜਕੀ, ਮਾਝੇ ਦੁਆਬੇ ਵਲ ਖਿੰਡ ਚਲੋ ਤੇ ਕਿਵੇਂ ਨਾ ਕਿਵੇਂ ਇਸ ਮੁਸ਼ਕਲ ਚੋਂ ਨਿਕਲੋ। ਫਿਰ ਕਦੇ ਇਕੱਠੇ ਹੋ ਕੇ ਲਖੂ ਨਾਲ ਸਿੱਝ ਲਵਾਂਗੇ। ਸੋ ਪਹਾੜੀਆਂ ਵਲੋਂ ਹਟ ਕੇ ਉਨ੍ਹੀਂ ਪੈਰੀਂ ਰਾਵੀ ਵਲ ਨੂੰ ਹੋਏ। ਅੱਗੇ ਸਰਕਾਰੀ ਫੌਜਾਂ ਰਾਹ ਰੋਕੀ ਖੜੀਆਂ ਸਨ। ਖੁੰਢੀਆਂ ਹੋ ਚੁਕੀਆਂ ਕਿਰਪਾਨਾਂ, ਟੁੱਟੀਆਂ ਭਜੀਆਂ ਕਮਾਨਾਂ, ਵਿੰਗੇ ਹੋ ਚੁਕੇ ਤੇ ਉਖੜੇ ਫਲਾਂ ਵਾਲੇ ਨੇਜੇ ਤਾਣ ਕੇ ਅਕਾਲ ਅਕਾਲ ਗਜਾ ਕੇ ਵੈਰੀਆਂ ਤੇ ਟੁਟ ਪਏ। ਸਿੰਘ ਏਨੇ ਜੋਸ਼ ਨਾਲ ਲੜੇ ਕਿ ਵੈਰੀ ਸੈਨਾ ਵਿਚ ਭਗਦੜ ਮੱਚ ਗਈ। ਬਹੁਤ ਸਾਰੇ ਹਥਿਆਰ ਖੋਹ ਲਏ ਤੇ ਲੜਾਈ ਦਾ ਰੰਗ ਹੀ ਬਦਲ ਗਿਆ। ਸਿੰਘ ਦੁਸ਼ਮਣ ਦੀਆਂ ਸਫਾਂ ਨੂੰ ਚੀਰ ਕੇ ਵਿਚ ਦੀ ਨਿਕਲ ਗਏ। ਸੂਰਮਿਆਂ ਲਖਪਤ ਦੀ ਵੀ ਭਾਲ ਕੀਤੀ ਕਿ ਜਾਂਦੇ ਜਾਂਦੇ ਉਸ ਦੇ ਵੀ ਹੱਥ ਧੁਆ ਦਈਏ, ਪਰ ਉਹ ਕਿਧਰੇ ਨਜ਼ਰ ਨਾ ਆਇਆ ਤੇ ਬਚ ਗਿਆ। ਖਾਲਸਾ ਅੱਗੇ ਵਧਿਆ, ਪਰ ਰਾਵੀ ਨੇ ਡੱਕਾ ਪਾ ਦਿਤਾ। ਬਰਫ਼ ਦੇ ਪਘਰਨ ਨਾਲ ਦਰਿਆ ਵਿਚ ਚੜ੍ਹਾ ਆਇਆ ਹੋਇਆ ਸੀ। ਪਾਣੀ ਦਾ ਰੋੜ੍ਹ ਏਨਾ ਤਿਖਾ ਸੀ ਕਿ ਕੋਈ ਠਿਲ੍ਹ ਨਹੀਂ ਸਕਦਾ ਸੀ। ਸਲਾਹ ਹੋਈ ਕਿ ਕੁਝ ਸਿੰਘ ਜਾ ਕੇ ਗਾਹਣ ਦਾ ਪਤਾ ਕਰਨ। ਸ: ਗੁਰਦਿਆਲ ਸਿੰਘ ਡੱਲੇਵਾਲੀਏ ਦੇ ਛੋਟੇ ਦੋ ਭਰਾਵਾਂ ਨੇ ਹਿੰਮਤ ਕਰ ਕੇ ਰਾਵੀ ਵਿਚ ਘੋੜੇ ਸੁੱਟੇ ਕਿ ਗਾਹਣ ਦਾ ਪਤਾ ਕਰੀਏ। ਪਰ ਨਾ ਘੋੜਿਆਂ ਦਾ ਪਤਾ ਲੱਗਾ ਤੇ ਨਾ ਸਿੰਘਾਂ ਦੇ ਅੰਤ ਦਾ। ਇਥੋਂ ਰਾਵੀ ਪਾਰ ਹੋਣ ਦੀ ਸਲਾਹ ਛੱਡ ਦਿਤੀ ਗਈ।

## ਪਹਾੜੀਆਂ ਤੇ ਹੱਲਾ–

ਸ: ਜੱਸਾ ਸਿੰਘ ਆਹਲੂਵਾਲੀਆ, ਸ: ਸੁਖਾ ਸਿੰਘ ਮਾੜੀ ਕੰਬੋਕੀ ਵਾਲੇ, ਗੁਰਦਿਆਲ ਸਿੰਘ ਡਲੇਵਾਲੀਏ ਆਦਿ ਸਰਦਾਰਾਂ ਨੇ ਮਸ਼ਵਰਾ ਕਰਕੇ ਸਿੰਘਾਂ ਨੂੰ ਲਲਕਾਰ ਕੇ ਕਿਹਾ ਕਿ ਡੁੱਬ ਕੇ ਮਰਨ ਨਾਲੋਂ ਸਾਹਮਣੇ ਮੱਥੇ ਡਾਹ ਕੇ ਮਰਨਾ ਚੰਗਾ ਹੈ। ਇਹ ਸੁਣ ਕੇ ਸਭ ਖਲੋ ਗਏ। ਸੋਚਿਆ ਕਿ ਐਸ ਵੇਲੇ ਲਖਪਤ ਰਾਏ ਨਾਲੋਂ ਪਹਾੜੀਆਂ ਨੂੰ ਜਿਤ ਕੇ ਰਸਤਾ ਸਾਫ਼ ਕਰ ਲੈਣਾ ਸੌਖਾ ਹੈ। ਸੋ 'ਸਤਿ ਸ੍ਰੀ ਅਕਾਲ' ਗਜਾ ਕੇ ਪਹਾੜੀਆਂ ਉਤੇ ਹੱਲਾ ਬੋਲ ਦਿਤਾ ਅਤੇ ਇਕ ਮੋਰਚਾ ਸਰ ਕਰਕੇ ਇਕ ਪਹਾੜੀ ਤੇ ਕਬਜ਼ਾ ਵੀ ਕਰ ਲਿਆ। ਫਿਰ ਇਕ ਹੋਰ ਮੋਰਚੇ ਤੋਂ ਪਹਾੜੀਆਂ ਨੂੰ ਕਟ ਵੱਢ ਕੇ ਨਾਲ ਦੀ ਉਚਾਈ ਵੀ ਕਾਬੂ ਕਰ ਲਈ। ਪਰ ਔਖੀ ਗੱਲ ਇਹ ਸੀ ਕਿ ਸਿਧੀਆਂ ਪਹਾੜੀਆਂ ਤੇ ਘੋੜਿਆਂ ਦੇ ਚੜ੍ਹਨ ਲਈ ਕੋਈ ਰਾਹ ਪੈਡਾ ਨਹੀਂ ਸੀ। ਕੇਵਲ ਪੈਦਲ ਹੀ ਪਹਾੜ ਉਤੇ ਚੜ੍ਹ ਸਕਦੇ ਸਨ। ਘੋੜਿਆਂ ਲਈ ਬਹੁਤ ਔਖ ਸੀ। ਅੱਗੋਂ ਪਹਾੜੀਆਂ ਨੇ ਫਿਰ ਇਕੱਠੇ ਹੋ ਕੇ ਬੜੇ ਜ਼ੋਰ ਨਾਲ ਹੱਲਾ ਕਰ ਦਿਤਾ। ਪਹਾੜੀਏ ਉਚੇ ਥਾਂ ਤੇ ਸਨ ਤੇ ਸਿੰਘ ਹੇਠੋਂ ਉਤਾਂਹ ਚੜ੍ਹਨ ਦਾ ਜਤਨ ਕਰਦੇ ਸਨ। ਸੋ ਉਹ ਉਤੋਂ ਗੋਲੀਆਂ ਤੇ ਤੀਰਾਂ ਪਥਰਾਂ ਦਾ ਮੀਂਹ ਵਰ੍ਹਾ ਕੇ ਸਿੰਘਾਂ ਦਾ ਬਹੁਤ ਨੁਕਸਾਨ ਕਰ ਰਹੇ ਸਨ। ਸਿੰਘ ਕੁਥਾਵੇਂ ਫਾਥੇ ਫਟੜ ਹੋ ਕੇ ਬਿਫਰੇ ਸ਼ੇਰ ਵਾਂਗ ਟੁਟ ਪਏ ਤੇ ਦੋ ਟਿੱਬੇ ਉਹਨਾਂ ਪਾਸੋਂ ਛੁਡਾ ਲਏ। ਪਰ ਘੋੜੇ ਅੱਗੇ ਉਤਾਂਹ ਨਾ ਚੜ੍ਹ ਸਕਣ। ਤਲਵਾਰਾਂ ਤੇ ਨੇਜਿਆਂ ਨਾਲ ਪੁਟ ਪੁਟ ਕੇ ਘੋੜਿਆਂ ਦੇ ਪੌੜ ਧਰਨ ਲਈ ਰਸਤਾ ਬਣਾਉਣ। ਪਰ ਇਸ ਸਿਧੀ ਚੜ੍ਹਾਈ ਤੇ ਕੋਈ-ਵਿਰਲਾ ਹੀ ਚੜ੍ਹ ਸਕੇ ਤੇ ਬੇਅੰਤ ਘੋੜੇ ਹੇਠ ਖਡਾਂ ਵਿਚ ਡਿਗ ਪਏ ਤੇ ਕਈਆਂ ਨੂੰ, ਜੋ ਉਪਰ ਚੜ੍ਹ ਰਹੇ ਸਨ, ਨਾਲ ਲੈ ਡਿਗੇ। ਜੋ ਥੋੜੇ ਬਹੁਤੇ ਚੜ੍ਹੇ, ਪਹਾੜ ਦੀ ਵਖੀ ਤੇ ਇਕ ਟੇਢਾ ਜਿਹਾ ਰਾਹ ਵੇਖ ਕੇ ਉਸ ਰਾਹੇ ਅਗੇ ਨੂੰ ਹੋਏ। ਇਸ ਪਹਾੜੀ ਨੂੰ ਦਰਿਆ ਨੇ ਢਾਹ ਲਾ ਕੇ ਵਿਚ ਸੁਟ ਸੁਟ ਕੇ ਸਾਰਾ ਪਾਸਾ ਸਿਧੀ ਕੰਧ ਵਾਂਗ ਕੀਤਾ ਹੋਇਆ ਸੀ।[5]

ਇਥੋਂ ਰਾਹ ਅਗੇ ਕਿਸੇ ਪਾਸੇ ਨਾ ਜਾਵੇ ਤੇ ਇਸ ਵਖੀ ਤੇ ਚੋਖੀ ਭੀੜ ਹੋ ਗਈ। ਅਗਲੇ ਅਗਾਂਹ ਨਾ ਹਿਲ


www.AKJ.org

ਸਕਣ, ਕਿਉਂਕਿ ਪਹਾੜ ਦਾ ਪਾਸਾ ਹੇਠਾਂ ਨੂੰ ਸਿਧਾ ਹੀ ਵਢਿਆ ਹੋਇਆ ਸੀ । ਪਹਾੜ ਦੀ ਖਬੇ ਪਾਸੇ ਵਾਲੀ ਚੜ੍ਹਾਈ ਵੀ ਸਿਧੀ ਹੀ ਸੀ, ਇਸ ਵਲ ਘੋੜਿਆਂ ਨੂੰ ਲੈ ਕੇ ਚੜ੍ਹਨਾ ਵੀ ਬੜਾ ਔਖਾ ਸੀ । ਪਿਛਲੇ, ਜੋ ਹੇਠੋਂ ਉਤਾਂਹ ਨੂੰ ਆ ਰਹੇ ਸਨ, ਉਹ ਪਿਛਾਂਹ ਨਾ ਮੁੜ ਸਕਣ । ਚੜ੍ਹਾਈ ਨਾਲੋਂ ਘੋੜਿਆਂ ਲਈ ਉਤਰਾਈ ਬਹੁਤੀ ਕਠਨ ਸੀ । ਇਸ ਉਚੇ ਥਾਂ ਤੋਂ ਕਈ ਘੋੜੇ ਥਲੇ ਡਿਗਦੇ ਹੋਏ ਉਹਨਾਂ ਸਿੰਘਾਂ ਨੂੰ ਵੀ ਨਾਲ ਹੀ ਦਰਿਆ ਵਿਚ ਲੈ ਡਿਗੇ, ਜੋ ਉਹਨਾਂ ਨੂੰ ਡਿਗਣੋਂ ਬਚਾਉਣ ਦਾ ਜਤਨ ਕਰ ਰਹੇ ਸਨ । ਬਹੁਤ ਸਾਰੇ ਸਿੰਘ ਤੇ ਘੋੜੇ ਇਸ ਥਾਂ ਦਰਿਆ ਦੀ ਭੇਟ ਚੜ੍ਹ ਗਏ ।[6]

### ਸਵਾਰ ਤੇ ਪੈਦਲ ਵਖ ਵਖ ਰਾਹਾਂ ਉਤੇ–

ਕੋਈ ਚਾਰਾ ਨਾ ਚਲਦਾ ਵੇਖ ਕੇ ਇਹ ਮਤਾ ਸੋਧਿਆ ਕਿ ਜੋ ਕੋਈ ਪੈਦਲ ਹੈ ਉਹ ਤਾਂ ਹਿੰਮਤ ਕਰਕੇ ਪਹਾੜ ਉਤੇ ਚੜ੍ਹ ਜਾਵੇ ਅਤੇ ਜਿਵੇਂ ਕਿਵੇਂ ਬਣ ਪਵੇ, ਆਪਣੇ ਆਪ ਨੂੰ ਬਚਾ ਕੇ ਕਿਧਰੇ ਨਿਕਲ ਜਾਵੇ । ਜੋ ਸਵਾਰ ਹਨ ਉਹ ਪਹਾੜੋਂ ਉੱਤਰ ਕੇ ਲਖਪਤ ਨਾਲ ਟਾਕਰਾ ਕਰਨ ਤੇ ਉਸਦੀਆਂ ਫੌਜਾਂ ਨੂੰ ਚੀਰ ਕੇ ਮਾਝੇ ਵਲ ਨੂੰ ਨਿਕਲ ਜਾਣ ।

ਇਸ ਫੈਸਲੇ ਤਹਿਤ ਪੈਦਲ ਤਾਂ ਪਹਾੜ ਵਲ ਉਪਰ ਨੂੰ ਵਧ ਗਏ, ਪਰ ਕਈ ਦਿਨਾਂ ਦਿਆਂ ਭੁਖਿਆਂ ਨੇ ਕੀਕਣ ਲੜ ਸਕਣਾ ਸੀ । ਇਹਨਾਂ ਤੋਂ ਪਹਾੜੀਏ ਜਿਤੇ ਨਾ ਜਾ ਸਕੇ ਤੇ ਬੇ-ਸ਼ੁਮਾਰ ਸਿੰਘ ਪਹਾੜੀਆਂ ਦੇ ਹਥੋਂ ਮਾਰੇ ਗਏ । ਜੋ ਲੁਕ ਛਿਪ ਕੇ ਬਚੇ, ਉਹ ਰੁਲਦੇ ਖੁਲਦੇ ਡਿਗਦੇ ਢਹਿੰਦੇ ਪਹਾੜੋ-ਪਹਾੜ ਹਜ਼ਾਰਾਂ ਮੁਸੀਬਤਾਂ ਝਾਗਦੇ ਹੋਏ, ਖਡਾਂ ਨਾਲਿਆਂ ਵਿਚ ਦੀ ਹੁੰਦੇ ਹੋਏ ਕੀਰਤਪੁਰ ਅੱਪੜ ਪਏ । ਅਤੇ ਛਿਆਂ ਮਹੀਨਿਆਂ ਮਗਰੋਂ ਪਤਾ ਕਢ ਕਢ ਆਪਣੇ ਜਥਿਆਂ ਵਿਚ ਜਾ ਰਲੇ ।

### ਲਹੂ-ਵੀਟਵਾਂ ਘੋਰ ਯੁਧ–

ਘੋੜ-ਸਵਾਰ ਪਹਾੜੋਂ ਹੇਠਾਂ ਉੱਤਰ ਕੇ ਇਕ ਥਾਂ ਇਕੱਤਰ ਹੋਏ, ਪੰਥ ਦੇ ਅਸਲ ਸੂਰਮੇ ਘੋੜਿਆਂ ਵਾਲੇ ਹੀ ਸਨ । ਇਹ ਹੁਣ ਲਖਪਤ ਦੀ ਫੌਜ ਸਾਹਮਣੇ ਹੋਏ ਤੇ ਉਸ ਦੇ ਇਕ ਮੋਰਚੇ ਉਤੇ ਜਾ ਪਏ । ਭਾਵੇਂ ਗਿਣਤੀ ਪਖੋਂ ਹੁਣ ਇਹ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਸਨ, ਪਰ ਜਿਸ ਤੁੰਦੀ ਨਾਲ ਇਹ ਫੌਜ ਤੇ ਪਏ, ਫੌਜ ਬਹੁਤਾ ਚਿਰ ਅੜ ਨਾ ਸਕੀ, ਮੋਰਚਾ ਛੱਡ ਕੇ ਬਹੁਤ ਸਾਰਾ ਹਥਿਆਰ ਪਤਾ ਤੇ ਘੋੜੇ ਖੁਹਾ ਕੇ ਪਿਛਾਂਹ ਹਟ ਗਈ । ਲਖਪਤ ਨੂੰ ਜਦ ਇਸ ਪਾਸੇ ਵਾਲੀ ਫੌਜ ਦੇ ਮਾਰ ਖਾ ਜਾਣ ਤੇ ਘੋੜੇ ਖੁਹਾ ਲੈਣ ਦੀ ਖ਼ਬਰ ਮਿਲੀ ਤਾਂ ਬੜਾ ਲੋਹਾ ਲਾਖਾ ਹੋਇਆ । ਪਰ ਕਰੇ ਕੀ ? ਉਸ ਨੇ ਫਿਰ ਸਫ-ਬੰਦੀ ਕੀਤੀ । ਘੋੜਿਆਂ ਵਾਲੀਆਂ ਤੋਪਾਂ ਅੱਗੇ ਕੀਤੀਆਂ, ਉਨ੍ਹਾਂ ਤੋਂ ਮਗਰ ਰੱਥਾਂ ਵਾਲੀਆਂ (ਪਹੀਆਂ ਵਾਲੀਆਂ) ਤੋਪਾਂ ਲਾਈਆਂ ਤੇ ਇਨ੍ਹਾਂ ਤੋਂ ਪਿਛੇ ਜੰਬੂਰੇ ਤੇ ਰਹਿਕਲੇ ਸਿੰਘਾਂ ਵਲ ਸਿਨ੍ਹੇ । ਸਾਰਿਆਂ ਤੋਂ ਪਿਛੇ ਘੋੜ-ਸਵਾਰ ਬਰਕ-ਅੰਦਾਜ਼, ਪਿਆਦਾ ਫੌਜ ਤੇ ਮੁਲਖਈਆ । ਸਿੰਘਾਂ ਨੂੰ ਘੇਰ ਕੇ ਮਾਰਨ ਲਈ ਜੰਮੂ ਦੀ ਧਰਤੀ ਤੇ ਇਹ ਮੱਕੜੀ-ਜਾਲ ਬੁਣਿਆ ਗਿਆ, ਪਰ ਉਹ ਇਨ੍ਹਾਂ ਵਲਾਵਿਆਂ ਤੇ ਜਾਲਾਂ ਵਿਚ ਕਦ ਫਸਣ ਵਾਲੇ ਸਨ । ਸਿੰਘ ਭਜਦੇ ਭਜਦੇ ਇਕ-ਦਮ ਮੁੜ ਕੇ ਲੜਾਈ ਕਰਨ ਲੱਗ ਪੈਣ ਤੇ ਜਦ ਨੂੰ ਸਰਕਾਰੀ ਫੌਜ ਖਲੋ ਕੇ ਸਫ਼ਬੰਦੀ ਕਰਕੇ ਉਨ੍ਹਾਂ ਦੇ ਟਾਕਰੇ ਲਈ ਤਿਆਰ ਹੋ ਸਕੇ, ਉਹ ਆਪਣਾ ਵੱਤਰ ਵਾਹ ਕੇ ਐਸੇ ਥਾਂ ਜਾ ਲੁਕਣ, ਜਿਥੇ ਫੌਜ ਛੇਤੀ ਨਾਲ ਪਹੁੰਚ ਹੀ ਨਾ ਸਕੇ । ਇਹ ਅਸਾਵੀਂ ਲੜਾਈ ਸੀ । ਇਸ ਵਿਚ ਲੜਦੇ ਲੜਦੇ ਵੈਰੀ ਦਾ ਆਪਣੇ ਨਾਲੋਂ ਕਈ ਗੁਣਾ ਜ਼ਿਆਦਾ ਨੁਕਸਾਨ ਕਰ ਕੇ ਅਨੇਕਾਂ ਸਿੰਘ ਸ਼ਹੀਦ ਹੋ ਗਏ, ਪਰ ਲਖਪਤ ਰਾਏ ਨੂੰ ਕੋਈ ਖ਼ਾਸ ਸਫਲਤਾ ਪ੍ਰਾਪਤ ਨਾ ਹੋਈ ।

ਸਿੰਘ ਅਜੇ ਵੀ ਉਸ ਦੇ ਘੇਰੇ ਵਿਚ ਸਨ ਤੇ ਇਹ ਘੇਰਾ ਕੋਹਾਂ ਵਿਚ ਫੈਲਿਆ ਹੋਇਆ ਸੀ ਤੇ ਉਹ ਇਸ ਘੇਰੇ ਨੂੰ ਪਲੋ ਪਲੀ ਕਸਦਾ ਆ ਰਿਹਾ ਸੀ । ਸਿੰਘ ਇਸ ਵੇਲੇ ਡਾਢੀ ਬਿਪਤਾ ਦੇ ਮੂੰਹ ਆਏ ਹੋਏ ਸਨ । ਖਾਣ ਪੀਣ ਨੂੰ ਤਾਂ ਰਸਦ ਪਾਣੀ ਅੱਗੇ ਹੀ ਕੋਲ ਨਹੀਂ ਸੀ । ਕੋਈ ਸਮਾਂ ਨਹੀਂ ਸੀ ਮਿਲਦਾ ਕਿ ਖੁੰਢੀਆਂ ਹੋ ਚੁਕੀਆਂ ਤਲਵਾਰਾਂ ਤਿਖੀਆਂ ਕਰ ਲੈਣ, ਨੇਜਿਆਂ ਭਾਲਿਆਂ ਦੀ ਜੜ-ਜੜਾਈ ਹੋ ਜਾਵੇ । ਕਈਆਂ ਦੇ ਫਲ ਵੈਰੀਆਂ ਦੇ ਸਰੀਰਾਂ ਵਿਚ ਹੀ ਰਹਿ ਗਏ ਸਨ ਜਾਂ ਕਈ ਸਾਹਮਣੀਆਂ ਚੋਟਾਂ ਨਾਲ ਝੜ ਚੁਕੇ ਸਨ । ਕਈਆਂ ਦੇ ਹਥਾਂ ਵਿਚ ਤਾਂ ਫਲਾਂ ਤੋਂ ਬਗੈਰ ਲੰਮੇ


www.AKJ.Org

ਲੋਂਮੇ ਸੋਟੇ ਹੀ ਸਨ। ਖਾਲੀ ਹੋ ਚੁਕੇ ਭੱਥੇ ਕਿਥੋਂ ਭਰੇ ਜਾਣ ! ਕਈਆਂ ਦੀਆਂ ਕਮਾਨਾਂ ਹੀ ਟੁਟ ਚੁਕੀਆਂ ਸਨ। ਇਨ੍ਹਾਂ ਨੂੰ ਮੁਰੰਮਤ ਕਰਨ ਦਾ ਨਾ ਸਮਾਂ ਸੀ ਨਾ ਕੋਈ ਸਾਧਨ। ਦਾਣੇ ਪਠੇ ਬਿਨਾਂ ਘੋੜਿਆਂ ਦੇ ਪੇਟ ਲੱਕਾਂ ਨੂੰ ਜਾ ਲੱਗੇ ਸਨ। ਉਪਰੋਂ ਵਿਸਾਖ ਦੇ ਮਹੀਨੇ ਦੇ ਪਿਛਲੇ ਪਖ ਦੀ ਧੁਪ ਨੰਗਿਆਂ ਪਿੰਡਿਆਂ ਨੂੰ ਸਾੜ ਰਹੀ ਸੀ। ਛਕਣ ਛਕਾਉਣ ਨੂੰ ਤਾਂ ਇਕ ਪਾਸੇ ਰਿਹਾ, ਇਸ ਕਾਛੜ ਤੇ ਝਲ ਦੀ ਓਬੜ ਖੋਬੜ ਧਰਤੀ ਤੇ ਪੀਣ ਨੂੰ ਪਾਣੀ ਵੀ ਔਖਾ ਲਭਦਾ ਸੀ। ਸਿਆਣੇ ਕਿਹਾ ਕਰਦੇ ਹਨ ਕਿ "ਅੱਧੀ ਮੌਤ ਮੁਸਾਫਰੀ, ਸਾਰੀ ਮੌਤ ਸੁ ਭੁਖ।" ਪਰ ਖਾਲਸੇ ਲਈ ਤਾਂ ਹੁਣ ਦੋਵੇਂ ਹੀ ਆਣ ਇਕੱਠੀਆਂ ਹੋਈਆਂ ਸਨ। ਉਤੋਂ ਦੁਸ਼ਮਣ ਚੁਫੇਰਿਓਂ ਮੌਤ ਵਰਗੀ ਅੱਗ ਵਰ੍ਹਾਉਂਦਾ ਚਲਿਆ ਆ ਰਿਹਾ ਸੀ। ਤੋਪਾਂ ਦੀ "ਧੜ ਧੜ", ਗੋਲਿਆਂ ਨਾਲ ਲੱਗ ਕੇ ਮਚਦੀ ਝਲ ਦੀਆਂ "ਸੜ ਸੜ" ਦੀਆਂ ਆਵਾਜ਼ਾਂ, ਢੋਲਾਂ ਨਗਾਰਿਆਂ ਦੀ "ਦੋਘੜ ਦੋਘੜ"; ਵੈਰੀ ਸੈਨਾ ਦੇ ਸੂਰਮਿਆਂ ਦੇ "ਅੱਲਾ ਹੂ ਅਕਬਰ" ਤੇ "ਯਾ ਅਲੀ ! ਯਾ ਅਲੀ" ਦੇ ਸਾਮਾਨ ਗੁੰਜਾਊ ਅਤੇ ਸ਼ੂਕਦੀਆਂ ਗੋਲੀਆਂ ਤੇ ਘੋੜਿਆਂ ਦੀ ਹਿਣਹਿਣਾਹਟ ਨਾਲ ਕਿਆਮਤ ਵਰਗਾ ਸਮਾਂ ਬਣਿਆ ਹੋਇਆ ਸੀ। ਦੂਜੇ ਪਾਸੇ ਸਿੰਘਾਂ ਨੂੰ ਸਿਰਫ ਅਕਾਲ ਪੁਰਖ ਦਾ ਆਸਰਾ ਸੀ, ਜੋ ਉਨ੍ਹਾਂ ਦੇ ਮਨੋ-ਬਲ ਤੇ ਹੱਠ ਦਾ ਆਧਾਰ ਸੀ। ਜੰਗੀ ਸਾਜ਼ੋ ਸਾਮਾਨ ਦੀ ਥੁੜ ਘਾਟ ਤੇ ਢਿਡੋਂ ਭੁਖੇ ਹੁੰਦੇ ਹੋਏ ਵੀ ਵੈਰੀ ਨੂੰ ਲੋਹੇ ਦੇ ਚੰਨੇ ਚਬਾ ਰਹੇ ਸਨ। ਮੌਤ ਨੂੰ ਸਾਹਮਣੇ ਵੇਖ ਕੇ ਵੀ ਚੜ੍ਹਦੀ ਕਲਾ ਵਿਚ ਸਨ। ਛੱਤੀ ਪਦਾਰਥਾਂ ਨਾਲ ਲੋੜ੍ਹ ਕੇ ਮਾਇਆ ਦੀ ਰੇਲ ਪੇਲ ਸਦਕਾ ਬੇ-ਫ਼ਿਕਰੀ ਨਾਲ ਡਨਲਪ ਤੇ ਫੋਮ ਦੇ ਗੱਦਿਆਂ ਤੇ ਲੇਟਣ ਵਾਲਾ ਤਾਂ ਹਾਲ ਚਾਲ ਪੁਛਣ ਤੇ ਕਹਗਾ ਕਿ "ਚੜ੍ਹਦੀ ਕਲਾ ਵਿਚ ਹਾਂ" ਪਰ ਸਿੰਘਾਂ ਵਾਲੀ ਉਪਰ ਦਸੀ ਚੜ੍ਹਦੀ ਕਲਾ ਤੇ ਇਸ ਦੂਜੀ ਚੜਦੀ ਕਲਾ (ਨਹੀਂ ਗੱਦਿਆਂ ਤੇ ਲੇਟਦੀ ਹੋਈ ਕਲਾ) ਵਿਚ ਕਿੰਨਾਂ ਅੰਤਰ ਹੈ। ਇਸ ਨੂੰ ਕੋਈ ਸਹੀ ਅਨਭਵ ਵਾਲਾ ਹੀ ਸਮਝ ਸਕਦੈ। ਮੌਤ ਨੂੰ ਸਾਖਸ਼ਾਤ ਸਾਹਮਣੇ ਤੱਕ ਕੇ, ਕੀ ਮਜਾਲ ਕਿਸੇ ਨੇ ਦਿਲ ਡੁਲਾਇਆ ਹੋਵੇ। ਉਹ ਭੁਖੇ ਤਿਹਾਏ ਵੀ ਜਦ ਜੈਕਾਰੇ ਗਜਾਉਂਦੇ, ਪਹਾੜੀਆਂ ਤੇ ਜੰਗਲ ਬੇਲੇ ਗੂੰਜ ਉਠਦੇ। ਵਧ ਰਹੇ ਵੈਰੀ ਸੈਨਕਾਂ ਦੇ ਪੈਰ ਥੰਮ ਜਾਂਦੇ ਕਿ ਹੁਣ ਕੋਈ ਨਵੀਂ ਬਿਪਤਾ ਪੈਣ ਵਾਲੀ ਹੈ। ਇਕ ਵਾਰ ਤਰਥੱਲੀ ਮੱਚ ਜਾਂਦੀ। ਵੈਰੀ ਸੰਭਲ ਕੇ ਫਿਰ ਅੱਗੇ ਵਧਦਾ।[7]

ਇਹ ਅਤੀ ਕਠਨ ਸਮਾਂ ਵੇਖ ਕੇ ਸ: ਸੁਖਾ ਸਿੰਘ ਮਾੜੀ ਕੰਬੋਕੀ ਵਾਲਿਆਂ ਨੇ ਦੂਜਿਆਂ ਸਰਦਾਰਾਂ ਨੂੰ ਕਹਿਆ ਕਿ ਹੁਣ ਲਖਪਤ ਰਾਏ ਤੇ ਹਮਲਾ ਕਰੀਏ। ਜਿੰਨਾ ਚਿਰ ਇਸ ਦੁਸ਼ਟ ਦੀ ਅਲਖ ਨਾ ਲਥੀ, ਇਸ ਨੇ ਮਗਰੋਂ ਨਹੀਂ ਲਹਿਣਾ ਤੇ ਇਹ ਟੈਂਟਾ ਨਹੀਂ ਮੁਕਣਾ। ਸੋ ਹੁਣ ਇਸ ਨੂੰ ਦਾਖੂ ਦਾਨਾ ਦੇ ਦਿਤਾ ਜਾਵੇ। ਮੈਂ ਮੂਹਰੇ ਲਗਦਾ ਹਾਂ। ਮੇਰੇ ਨਾਲ ਉਹੋ ਹੀ ਆਵੇ, ਜਿਸ ਨੇ ਸਿਰ ਤਲੀ ਤੇ ਰਖ ਕੇ ਮਰਨ ਮਿਥ ਲਿਆ ਹੋਵੇ। ਝਟ ਪਟ ਸਿਰ-ਲੱਥਾਂ ਦਾ ਇਕ ਤਕੜਾ ਜਥਾ ਨਿਤਰ ਪਿਆ।

ਲਖਪਤ ਫੌਜ ਦੇ ਕਿਥੇ ਕੁ ਹੈ, ਇਸ ਦਾ ਪਤਾ ਕਰਨ ਲਈ ਸੂਹੀਏ ਅੱਗੇ ਭੇਜੇ। ਉਨ੍ਹਾਂ ਸੂਹ ਕਢ ਕੇ ਛੇਤੀ ਹੀ ਆਣ ਦਸਿਆ ਕਿ ਜ਼ੰਬੂਰਿਆਂ ਦੇ ਵਿਚਕਾਰ ਉਹ ਲਾਲ ਅੰਬਾਰੀ ਵਾਲੇ ਹਾਥੀ ਤੇ ਸਵਾਰ ਹੈ ਤੇ ਉਸ ਦੇ ਆਲੇ ਦੁਆਲੇ ਬੇਅੰਤ ਫੌਜ ਹੈ। ਇਹ ਖਬਰ ਪਾ ਕੇ ਸਿੰਘਾਂ ਨੇ ਜੋੜ ਕੇ ਧਾਵਾ ਬੋਲਿਆ ਤੇ ਸੁਖਾ ਸਿੰਘ ਇਨ੍ਹਾਂ ਸੂਰਮਿਆਂ ਦੀ ਅਗਵਾਈ ਕਰਦਾ ਹੋਇਆ ਲਖਪਤ ਰਾਏ ਦੀ ਸੇਧ ਕਰਕੇ ਅੱਗੇ ਵਧਿਆ। ਜੋ ਦੁਸ਼ਮਣ ਅਗੇ ਅੜਿਆ, ਗਾਜਰ ਮੂਲੀ ਵਾਂਗ ਕੱਟ ਕੇ ਭੁੰਜੇ ਸੁਟ ਦਿਤਾ। ਕਈਆਂ ਭਜ ਭਜ ਜਾਨਾਂ ਬਚਾਈਆਂ।

ਸ: ਸੁਖਾ ਸਿੰਘ ਨੇ ਲਖਪਤ ਨੂੰ ਦੂਰੋਂ ਵੇਖ ਕੇ ਲਲਕਾਰਿਆਂ ਕਿ "ਕਰਾੜਾ ! ਜੇ ਪਿਉ ਆਪਣੇ ਦਾ ਪੁਤ ਹੈਂ ਤਾਂ ਹੁਣ ਨਠੀਂ ਨਾ। ਜ਼ਰਾ ਮੈਦਾਨ ਵਿਚ ਦੋ ਹਥ ਕਰ ਕੇ ਜਾਵੀਂ। ਫਿਰ ਨੇਜੇ ਅੱਗੇ ਨੂੰ ਸਿਨ੍ਹ ਕੇ 'ਸਤਿ ਸ੍ਰੀ ਅਕਾਲ' ਗਜਾਉਂਦਿਆਂ ਤੁਰੰਗ ਛੇੜ ਦਿਤੇ। ਲੜਾਈ ਬੜੀ ਗਹਿਗੱਚ ਹੋਈ। ਇਨ੍ਹਾਂ ਦੇ ਸਾਹਮਣੇ ਵਾਲੀ ਸੈਨਾ ਸਿੰਘਾਂ ਦੇ ਹੱਲੇ ਨੂੰ ਠੱਲ੍ਹ ਨਾ ਸਕੀ। ਸ: ਸੁਖਾ ਸਿੰਘ ਤੇ ਉਸ ਦੇ ਸਿਰਲੱਥਾਂ ਨੂੰ ਆਪਣੇ ਵਲ ਆਉਂਦੇ ਵੇਖ ਕੇ ਲਖਪਤ ਰਾਏ ਏਨਾ ਡਰ ਗਿਆ ਕਿ ਹਾਥੀ ਤੋਂ ਉੱਤਰ ਕੇ ਝਟ ਘੋੜੇ ਤੇ ਸਵਾਰ ਹੋ ਕੇ ਪਿਛਾਂਹ ਨੂੰ ਹੋਟਿਆ। ਘੋੜਾ ਸ਼ਾਇਦ ਇਸੇ ਲਈ ਹਾਥੀ ਲਾਗੇ ਰਖਿਆ ਸੀ ਕਿ ਜੇ ਲੋੜ ਪਈ ਤਾਂ ਨੱਸ ਕੇ ਜਾਨ ਬਚਾ ਸਕੇ। ਇਸ ਜੰਗ ਤੇ ਸਾਰੀ ਮੁਹਿੰਮ ਦਾ ਪਾਸਾ ਪਲਟਣ ਹੀ ਵਾਲਾ ਸੀ ਕਿ ਭਾਣਾ ਕਰਤਾਰ ਦਾ ਵਾਪਰਿਆ, ਜ਼ੰਬੂਰੇ ਦਾ ਇਕ ਗੋਲਾ ਸਰਦਾਰ ਸੁਖਾ ਸਿੰਘ ਦੇ ਆਣ


www.AKJ.Org

ਲੱਗਾ, ਜਿਸਨੇ ਲੱਤ ਦੀ ਹੱਡੀ ਤੋੜ ਦਿਤੀ। ਉਹ ਇਸ ਜ਼ਖਮ ਨਾਲ ਬਿਹਬਲ ਹੋਣ ਕਰਕੇ ਲਖਪਤ ਤੱਕ ਅੱਪੜ ਨਾ ਸਕਿਆ। ਲਖਪਤ ਨੂੰ ਮੌਤ ਮੂੰਹੋਂ ਬਚਾਉਣ ਲਈ ਉਸ ਦੇ ਆਲੇ ਦੁਆਲੇ ਦੀ ਫੌਜ ਨੇ ਉਸ ਨੂੰ ਵਿਚਕਾਰ ਲੈ ਲਿਆ ਤੇ ਅਗੋਂ ਜੰਮ ਕੇ ਲੜਨ ਲੱਗ ਪਏ। ਹੁਣ ਮਲ੍ਹਮ ਪੱਟੀ ਦਾ ਵੇਲਾ ਨਹੀਂ ਸੀ ਤੇ ਨਾ ਹੀ ਪਿਛੇ ਹਟਣ ਦਾ। ਸੂਰਮੇ ਨੇ ਪੱਗ ਪਾੜ ਕੇ ਉਸ ਨਾਲ ਲੱਤ ਨੂੰ ਹੱਨੇ ਨਾਲ ਬੰਨ੍ਹ ਲਿਆ, ਤੇ ਮਾਰੂ ਸੱਟ ਦਾ ਖਿਆਲ ਨਾ ਕਰਕੇ ਆਪਣੇ ਸਿਰਲੱਥ ਸਿੰਘਾਂ ਦੀ ਅਗਵਾਈ ਕਰਦਾ ਹੋਇਆ ਪਹਿਲਾਂ ਵਾਂਗ ਹੀ ਲੜਦਾ ਰਿਹਾ। ਜਿਥੇ ਦੁਸ਼ਮਣ ਨੂੰ ਜ਼ੋਰ ਫੜਦਾ ਵੇਖਦਾ, ਝੱਟ ਉਥੇ ਪੁਜ ਕੇ ਅਗਵਾਈ ਕਰਕੇ ਉਸ ਦਾ ਮੂੰਹ ਭਵ ਦੇਂਦਾ।

ਉਧਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ: ਚੜ੍ਹਤ ਸਿੰਘ, ਸ: ਗੁਰਦਿਆਲ ਸਿੰਘ, ਸ: ਦੀਪ ਸਿੰਘ ਸ਼ਹੀਦ ਤੇ ਭੰਗੀ ਸਰਦਾਰ ਆਪਣੇ ਸੂਰਮੇ ਵਧਾਉਂਦੇ ਹੋਏ ਵੈਰੀ ਦਲ ਤੇ ਟੁਟ ਪਏ ਤੇ ਦੁਸ਼ਮਣ ਨੂੰ ਪਿਛੇ ਧੱਕ ਦਿਤਾ।

ਇਸ ਲੜਾਈ ਵਿਚ ਦੀਵਾਨ ਲਖਪਤ ਰਾਏ ਦੇ ਪੁੱਤਰ ਹਰਭੱਜ ਰਾਏ, ਨਵਾਬ ਯਾਹੀਆ ਖਾਨ ਦੇ ਪੁੱਤਰ ਨਾਹਰ ਖਾਨ, ਸੈਫ ਅਲੀ ਫ਼ੌਜਦਾਰ, ਕਰਮ ਨਵਾਬ ਬਖਸ਼ ਰਸੂਲ ਨਗਰੀਏ ਤੇ ਮਿਰਜ਼ਾ ਹਿੰਮਤ ਬੇਗ ਆਦਿ ਸਰਕਾਰੀ ਫੌਜ ਦਿਆਂ ਸੂਰਮਿਆਂ ਨੇ ਸਿੰਘਾਂ ਵਿਰੁਧ ਵਧ ਵਧ ਕੇ ਹੱਲੇ ਕੀਤੇ ਤੇ ਆਪਣੀ ਜਵਾਨ-ਮਰਦੀ ਦਾ ਸਬੂਤ ਦਿਤਾ। ਪਰ ਸਿੰਘ ਇਨ੍ਹਾਂ ਦੇ ਪਾਏ ਘੇਰੇ ਵਿਚ ਰੋਕੇ ਨਾ ਰੁਕੇ। ਜ਼ਮੀਨ ਖੂਨ ਨਾਲ ਰੰਗੀ ਗਈ। ਹਰਭਜ ਰਾਏ, ਨਾਹਰ ਖਾਂ, ਕਰਮ ਬਖਸ਼, ਨਵਾਬ ਰਸੂਲ ਨਗਰੀਆ, ਅਖ਼ਗਰ ਖਾਂ, ਮਖ਼ਮੂਰ ਖਾਂ ਆਦਿ ਨਾਮੀ ਸੂਰਮੇ ਮਾਰੇ ਗਏ। ਇਸ ਵੇਲੇ ਸਿੰਘਾਂ ਦਾ ਵੀ ਬੜਾ ਜਾਨੀ ਨੁਕਸਾਨ ਹੋਇਆ। ਇਧਰ ਵੀ ਕੋਈ ਕਸਰ ਨਾ ਰਹੀ।

ਲਖਪਤ ਰਾਏ ਵਾਲੇ ਪਾਸਿਓਂ ਸ: ਸੁਖਾ ਸਿੰਘ ਵੀ ਮੁੜ ਆਏ। ਉਹ ਖ਼ੂਨ ਨਾਲ ਲੱਤ ਪੱਤ ਸੀ, ਪਰ ਚਿਹਰੇ ਤੇ ਪੀੜ ਦਾ ਕੋਈ ਨਿਸ਼ਾਨ ਨਹੀਂ ਸੀ, ਪਹਿਲਾਂ ਵਰਗਾ ਹੀ ਜਲਾਲ ਸੀ।

## ਸਿੰਘਾਂ ਦਾ ਵੈਰੀ ਦਲ ਨੂੰ ਚੀਰ ਕੇ ਨਿਕਲ ਜਾਣਾ–

ਸਾਰਿਆਂ ਸਰਦਾਰਾਂ ਨੇ ਮਤਾ ਪਕਾਇਆ ਕਿ ਹੁਣ ਤਾਂ ਇਕੋ ਦਾਉ ਰਹਿ ਗਿਆ ਹੈ ਕਿ ਇਥੇ ਖਲੋ-ਬੱਝ ਕੇ ਨਾ ਲੜਿਆ ਜਾਵੇ। ਜਿਵੇਂ ਵੀ ਹੋ ਸਕੇ, ਵੈਰੀਆਂ ਨੂੰ ਚੀਰ ਕੇ, ਵਿਚ ਦੀ ਨਿਕਲਣ ਦੀ ਕਰੀਏ ਤੇ ਦਰਿਆਂ ਟੱਪ ਕੇ ਮਾਲਵੇ ਦੇਸ ਚਲ ਵੜੀਏ। ਕੋਈ ਕਹੇ ਕਿ ਚੁਫੇਰੇ ਲਖੂ ਨੇ ਤੋਪਾਂ ਬੀੜੀਆਂ ਹੋਈਆਂ ਹਨ, ਕਿਸੇ ਪਾਸੇ ਨਿਕਲ ਸਕਣ ਲਈ ਕੋਈ ਰਾਹ ਜਾਂ ਵਿਥ ਨਹੀਂ ਹੈ। ਕੋਈ ਕਹੇ ਕਿ ਧਾ ਕੇ ਦਰਿਆ ਵਿਚ ਚਲ ਵੜੋ ਤੇ ਘੋੜਿਆਂ ਤੋਂ ਉਤਰ ਕੇ ਅਯਾਲ (ਘੋੜੇ ਦੀ ਧੌਣ ਦੇ ਵਾਲ) ਫੜ ਕੇ ਤਰ ਕੇ ਪਾਰ ਹੋ ਜਾਈਏ। ਕੋਈ ਸਲਾਹ ਦੇਵੇ ਕਿ ਜਿਸ ਪਾਸੇ ਫੌਜ ਥੋੜੀ ਹੈ, ਉਸ ਪਾਸੇ ਨੂੰ ਨਿਕਲ ਚਲੀਏ। ਕਿਸੇ ਨੇ ਇਹ ਰਾਏ ਦਿਤੀ ਕਿ ਮੁੜ ਪਹਾੜੀਂ ਹੀ ਚੜ੍ਹੋ। ਇਹ ਗੱਲਾਂ ਸੁਣ ਕੇ ਸ ਸੁਖਾ ਸਿੰਘ ਜੀ ਨੇ ਕਿਹਾ ਕਿ ਸਭ ਕਮਜ਼ੋਰ ਦਲੀਲਾਂ ਹਨ, ਤੇ ਇਨ੍ਹਾਂ ਨੂੰ ਇਥੇ ਹੀ ਛਡੋ। ਹੁਣ ਸਿਧਾ ਹੋ ਕੇ ਡਟੋ ਤੇ ਦੁਸ਼ਮਣ ਦੇ ਨਾਲ ਮੱਥਾ ਜੋੜੋ। ਆਉ ਮੈਂ ਅਗੇ ਲਗਦਾ ਹਾਂ, ਜਾਨਾਂ ਪਿਆਰੀਆਂ ਨਾ ਕਰੋ, ਸਗੋਂ ਤਲੀ ਤੇ ਟਿਕਾ ਕੇ ਮੇਰੇ ਮਗਰ ਆਉ। ਇਹ ਕਹਿ ਕੇ ਘੋੜਾ ਛੇੜ ਕੇ ਉਹ ਮੂਹਰੇ ਹੋਏ ਤੇ ਕਸੀਸ ਵੱਟ ਕੇ ਜ਼ੋਰਦਾਰ ਧਾਵਾ ਬੋਲ ਦਿਤਾ, ਵੈਰੀ ਨੂੰ ਇਸ ਦੀ ਉਮੀਦ ਹੀ ਨਹੀਂ ਸੀ। ਇਸ ਅਚਨਚੇਤ ਹੱਲੇ ਨੇ ਦੁਸ਼ਮਣ ਦੀਆਂ ਸਫਾਂ ਖਿੰਡਾ ਦਿਤੀਆਂ। ਸਿੰਘਾਂ ਦੀ ਤਲਵਾਰ ਨੇ ਕਾਲ ਦਾ ਰੂਪ ਧਾਰ ਲਿਆ। ਉਹ ਵੈਰੀ ਨੂੰ ਮਾਰਦੇ ਕਟਦੇ ਚੀਰਦੇ ਹੋਏ ਦੁਸ਼ਮਣਾਂ ਦੀਆਂ ਤੋਪਾਂ ਤੇ ਸੈਨਕਾਂ ਦੇ ਸੰਘਣੇ ਪਰ੍ਹਿਆਂ ਵਿਚ ਦੀ ਨਿਕਲ ਗਏ। ਜਿਨ੍ਹਾਂ ਦੇ ਘੋੜੇ ਜ਼ਖਮੀ ਸਨ ਜਾਂ ਆਪ ਘਾਇਲ ਸਨ ਉਹ ਪਿਛੇ ਰਹਿ ਗਏ ਤੇ ਵੈਰੀ ਨੇ ਉਹਨਾਂ ਨੂੰ ਘੇਰ ਕੇ ਉਹਨਾਂ ਤੇ ਹੱਲਾ ਬੋਲ ਦਿਤਾ। ਜਿਹੜਾ ਵੀ ਸਿੰਘ ਵੈਰੀ ਦੇ ਹੱਥ ਆਇਆ, ਕਤਲ ਕੀਤਾ ਗਿਆ। ਜਿਸ ਪਾਸੇ ਨੂੰ ਸ: ਸੁਖਾ ਸਿੰਘ ਜੀ ਨਿਕਲੇ ਸਨ, ਉਹਨਾਂ ਦੇ ਮਗਰ ਲਖਪਤ ਵੀ ਲੱਗ ਤੁਰਿਆ। ਪੁਤਰ ਦੀ ਮੌਤ ਨੇ ਉਸ ਨੂੰ ਹੋਰ ਵੀ ਕਰੋਧ ਚੜ੍ਹਾ ਦਿਤਾ ਸੀ, ਪਰ ਉਹ ਸਿੰਘਾਂ ਨੂੰ ਰੋਕ ਨਾ ਸਕਿਆ। ਉਹ ਲੜਦੇ ਭਿੜਦੇ ਅੱਗੇ ਨਿਕਲ ਗਏ ਤੇ ਝੱਲ ਬੇਲੇ ਵਿਚ ਜਾ ਵੜੇ।

ਹੁਣ ਰਾਤ ਪੈ ਗਈ ਸੀ ਤੇ ਸਿੰਘ ਬੇਲੇ ਵਿਚ ਗਾਇਬ ਹੋ ਚੁਕੇ ਸਨ। ਪਿਛੇ ਆ ਰਹੀ ਵੈਰੀ ਸੈਨਾ ਸਿੰਘਾਂ ਨੂੰ



www.AKJ.Org

ਹਥੋਂ ਨਿਕਲ ਗਿਆ ਜਾਣ, ਨਿਰਾਸ ਹੋ ਕੇ ਵਾਪਸ ਮੁੜ ਆਈ। ਇਸ ਦਿਨ ਸਿੰਘਾਂ ਦਾ ਵੀ ਬਹੁਤ ਨੁਕਸਾਨ ਹੋਇਆ ਸੀ। ਇਸ ਤੋਂ ਪਹਿਲਾਂ ਖਾਲਸੇ ਦਾ ਇਕ ਦਿਨ ਵਿਚ ਕਦੀ ਏਨਾ ਨੁਕਸਾਨ ਨਹੀਂ ਸੀ ਹੋਇਆ। ਸਿੰਘਾਂ ਨੇ ਇਸ ਘਟਨਾ ਨੂੰ ਘਲੂਘਾਰੇ ਦਾ ਨਾਂ ਦਿਤਾ। ਇਹ ਪਹਿਲਾ ਘਲੂਘਾਰਾ ਸੀ। ਇਹ ਵਾਕਿਆ ਦੋ ਜੇਠ ੧੮੦੩ ਬਿਕਰਮੀ ਦਾ ਹੈ। (ਚਲਦਾ)

## ਫ਼ੁਟਨੋਟ ਤੇ ਹਵਾਲੇ–

1. ਡਾ: ਹਰੀ ਰਾਮ ਗੁਪਤਾ, ਹਿਸਟਰੀ ਆਫ਼ ਦੀ ਸਿਖਸ, ਭਾਗ II, ਸਫਾ ੭੫.
2. ਪੜੋਲ–ਪਠਾਣਕੋਟੋਂ ਪਹਾੜ-ਪਛਮ ਵਿਚ ੨੪ ਕਿਲੋਮੀਟਰ ਦੀ ਵਿਥ ਤੇ ਬੈਜੂ ਨਦੀ ਦੇ ਕੰਢੇ ਤੇ ਸਥਿਤ ਹੈ। ਕਠੂਆ–ਪੜੋਲ ਤੋਂ ੧੧ ਕਿਲੋਮੀਟਰ ਚੜ੍ਹਦੇ ਵਿਚ ਰਾਵੀ ਦਰਿਆ ਦੇ ਸਜੇ ਕੰਢੇ ਲਾਗੇ।
3. ਸ: ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ੧੯੬੨ ਵਾਲੀ ਛਾਪ–ਸਫਾ ੩੧੨
4. ,, ,, ,, ,, ੩੧੨
5. ,, ,, ,, ,, ੩੧੪
6. ,, ,, ,, ,, ੩੧੪
7. ਨੋਟ : ਚਾਲੂ ਬ੍ਰਿਤਾਂਤ ਤੋਂ ਇਕ ਪਲ ਲਈ ਹਟ ਕੇ, ਸੂਝਵਾਨ ਪਾਠਕ ਨਿਰਪਖ ਮਨ ਨਾਲ ਇਨ੍ਹਾਂ ਸਤਰਾਂ ਨੂੰ ਵਿਚਾਰਨ ਤੇ ਸਿੱਟਾ ਆਪ ਕੱਢਣ–

ਇਹੋ ਜਿਹੀ ਕਠਨ ਅਜ਼ਮਾਇਸ਼ ਦੇ ਸਮੇ ਹੀ ਅਸਲ ਸੂਰਮਗਤੀ ਦੇ ਜੌਹਰਾਂ ਦੀ ਪਰਖ ਹੁੰਦੀ ਹੈ ਜਦ ਚੁਫੇਰੇ ਮੌਤ ਸ਼ੂਕ ਰਹੀ ਹੋਵੇ। ਅਗਲੇ ਪਲ ਦਾ ਪਤਾ ਨਹੀਂ ਕਿਹੋ ਜਿਹਾ ਹੋਣਾ ਹੈ। ਇਸ ਹਾਲਤ ਵਿਚ ਜਿਹੜਾ ਦਿਲ-ਦਿਮਾਗ ਸਾਵਾਂ ਰਖੇ ਤੇ ਭੈਭੀਤ ਹੋਣ ਦੀ ਥਾਂ ਹਰ ਪਾਸਿਓਂ, ਭਾਵ ਗਿਣਤੀ ਵਿਚ ਤੇ ਹਥਿਆਰਾਂ ਕਰਕੇ ਕਈ-ਗੁਣਾ ਵਧ ਵੈਰੀ ਨੂੰ ਦਿਨੇ ਤਾਰੇ ਵਿਖਾ ਦੇਵੇ, ਉਹ ਅਵੱਸ਼ ਸੂਰਮਾ ਅਖਵਾਉਣ ਦਾ ਹੱਕਦਾਰ ਹੈ। ਸਿੰਘ ਇਸ ਇਮਤਿਹਾਨ ਵਿਚ ਪੂਰੇ ਉਤਰੇ ਤੇ ਇਹ ਸਭ ਕੁਝ ਇੰਨ-ਬਿੰਨ ਕਰ ਵਿਖਾਇਆ। ਪਰ ਸੌ ਵਾਰ ਅਫਸੋਸ! ਇਹ ਖੂਨੀ ਨਜ਼ਾਰਾ ਕਿਸੇ ਨਿਰਪਖ ਇਤਿਹਾਸਕਾਰ ਦੇ ਮਨ ਵਿਚ ਉਤਰ ਕੇ ਉਸ ਦੀ ਕਲਮ ਰਾਹੀਂ ਯੋਗ ਸ਼ਬਦਾਂ ਵਿਚ ਸਹੀ ਰੂਪ ਨਾ ਲੈ ਸਕਿਆ।

ਯੋਰਪ ਦੇ ਇਤਿਹਾਸ ਵਿਚ, ਤੇ ਖਾਸ ਕਰਕੇ ਯੋਰਪੀਨ ਈਸਾਈ ਹਕੂਮਤਾਂ ਦੀਆਂ ਮੁਸਲਮਾਨਾਂ ਨਾਲ ਸਲੀਬੀ ਜੰਗਾਂ ਵਿਚ ਵਾਪਰੇ ਸੂਰਮਗਤੀ ਦੇ ਬੜੇ ਅਮੋਲਕ ਨਮੂਨੇ ਵੇਖਣ ਵਿਚ ਆਉਂਦੇ ਹਨ। ਦੋਹਾਂ ਧਿਰਾਂ ਦੇ ਇਤਿਹਾਸਕਾਰਾਂ ਨੇ ਆਪਣੇ ਆਪਣੇ ਸੂਰਮਿਆਂ ਦੀਆਂ ਘਾਲਾਂ ਨਾਲ ਬੜਾ ਸੁਹਣਾ ਤੇ ਢੁਕਵਾਂ ਨਿਆਂ ਕੀਤਾ ਹੈ, ਪਰ ਜੇ ਉਸੇ ਤਰ੍ਹਾਂ ਅਨੰਦਪੁਰ ਸਾਹਿਬ ਦੇ ਘੇਰੇ ਵੇਲੇ ਯੁਧਾਂ ਦਾ, ਚਮਕੌਰ ਦੀ ਗੜ੍ਹੀ ਦੇ ਜੰਗ ਵਿਚ ਕੀ ਵਾਪਰੀ, ਫਿਰ ਖਿਦਰਾਣੇ ਦੀ ਢਾਬ-ਕੰਢੇ (ਮੁਕਤਸਰ ਵਿਖੇ) ਦੁਨੀਆ ਨੇ ਕੀ ਜਲਵੇ ਵੇਖੇ, ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਤੇ ਦੋਹਾਂ ਘਲੂਘਾਰਿਆਂ, ਵਿਚ ਖ਼ੂਨ-ਡੋਲ੍ਹਵੀਆਂ ਲੜਾਈਆਂ, ਅਹਿਮਦਸ਼ਾਹ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਉਸ ਦੀ ਜਿਤ ਤੋਂ ੬ ਮਹੀਨੇ ਬਾਅਦ ਲੱਕ-ਤੋੜਵੀਂ ਹਾਰ ਦੇਣੀ, ਫਿਰ ਦੁਆਬੇ ਵਿਚ ਉਸ ਨਾਲ ਸਤ ਲੜਾਈਆਂ, ਜਿਸ ਨੂੰ ਤੱਕ ਕੇ ਸਿਖਾਂ ਦਾ ਵਡਾ ਦੁਸ਼ਮਣ ਕਾਜ਼ੀ ਨੂਰ ਮੁਹੰਮਦ ਵੀ ਅੱਸ਼ ਅੱਸ਼ ਕਰ ਉਠਿਆ, ਪਿਛੋਂ ਪਠਾਣਾਂ ਤੇ ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ ਵਿਚ ਖਾਲਸਈ ਤੇਗ ਨੇ ਕੀ ਕੀ ਜੌਹਰ ਵਿਖਾਏ, ਜੇ ਕੋਈ ਨਿਰਪੱਖ ਇਤਿਹਾਸਕਾਰ ਅਸਲੋ-ਅਸਲ ਲਿਖਣ ਦੀ ਖੇਚਲ ਕਰਦੇ ਤਾਂ ਯੋਰਪ ਦਾ ਇਤਿਹਾਸ ਪੜ੍ਹਨ ਵਾਲਿਆਂ ਨੂੰ ਸਭ ਕੁਝ ਭੁਲ-ਭੁਲਾ ਜਾਂਦਾ।

ਉਨ੍ਹਾ ਯੁਧਾਂ ਵਿਚ ਦੋ ਬਰਾਬਰ ਦੀਆਂ ਬਾਦਸ਼ਾਹੀਆਂ ਦੀਆਂ ਫੌਜਾਂ ਲੜਦੀਆਂ ਹਨ, ਗਿਣਤੀ, ਸਾਜ਼ੋ ਸਾਮਾਨ ਤੇ ਤਿਆਰੀ ਦਾ ਉਨੀ ਇੱਕੀ ਦਾ ਫਰਕ ਹੋ ਸਕਦੇ, ਪਰ ਇਥੇ ਇਕ ਪਾਸੇ ਤਾਂ ਹਿੰਦੁਸਤਾਨ ਦੀ ਮੁਗਲ ਬਾਦਸ਼ਾਹੀ ਫੌਜ ਹੈ, ਜੋ ਹਰ ਤਰ੍ਹਾਂ ਲੈਸ ਹੈ ਤੇ ਦੂਜੇ ਪਾਸੇ ਟਾਕਰੇ ਤੇ ਨੰਗਿਆਂ ਪਿੰਡਿਆਂ ਵਾਲੇ, ਉਹ ਵੀ ਸੌ ਸੌ ਨੂੰ ਇਕ ਇਕ


www.AKJ.Org

# ਅਕਾਲ ਤਖਤ ਨੂੰ ਮਜ਼ਬੂਤ ਕਰੋ

[ ਸ: ਜਸਵੰਤ ਸਿੰਘ ਜੀ ਕੰਵਲ ]

ਅੱਜ ਹਰ ਦੁਖੀ ਸਿੱਖ ਅਤੇ ਈਮਾਨਦਾਰ ਪੰਜਾਬੀ ਦੇ ਸਾਹਮਣੇ ਸਵਾਲਾਂ ਦਾ ਸਵਾਲ ਹੈ ਕਿ ਘਲੂਘਾਰਿਅ ਦੀ ਸਥਿਤੀ ਤੋਂ ਪੰਜਾਬ ਅਤੇ ਪੰਥ ਨੂੰ ਕਿਵੇਂ ਬਚਾਇਆ ਜਾਵੇ। ਭਾਵੇਂ ਇਸ ਸਥਿਤੀ ਦੀਆਂ ਜ਼ਿੰਮੇਵਾਰ ਹਨ ਪੰਥ ਵਿਰੋਧੀ ਪਾਰਟੀਆਂ, ਕੇਂਦਰ ਸਰਕਾਰ ਅਤੇ ਖ਼ੁਦ ਸਿੱਖ ਲੀਡਰ। ਪਰ ਇਹਨਾਂ ਦੀ ਨਿਰੀ ਨਹੁੰਚੋਣੀ ਕਰਨ ਦਾ ਸਮਾਂ ਨਹੀਂ ਰਿਹਾ। ਵੇਲਾ ਸੰਭਾਲਣ ਦੀ ਲੋੜ ਹੈ। ਪੰਥ ਨੂੰ ਇਕ-ਮੁੱਠ ਕਰਕੇ ਪੰਜਾਬ ਨੂੰ ਅਮਨ ਤੇ ਖੁਸ਼ਹਾਲੀ ਦੇ ਰਾਹ ਪਾਉਣਾ ਹੀ ਇਕੋ ਇਕ ਹੱਲ ਰਹਿ ਗਿਆ ਹੈ। ਨਹੀਂ ਤਾਂ ਤਬਾਹੀ ਹੋਰ ਚੁਨੌਤੀਆਂ ਦੇ ਰਹੀ ਹੈ। ਜਿਸ ਢੰਗ ਨਾਲ ਪੰਜਾਬ ਦੀ ਬਰਬਾਦੀ ਹੋਈ ਹੈ ਅਤੇ ਪੰਥ ਦੀ ਪਾਣ ਪੱਤ ਲੱਥੀ ਹੈ, ਉਸ ਦੇ ਸਾਹਮਣੇ ਕੋਈ ਵੀ ਪਾਰਟੀ ਅਥਵਾ ਵਿਅਕਤੀ ਹਾਊਮਾ ਦਾ ਅਫਰੇਵਾਂ ਜ਼ਾਹਰ ਕਰੇ, ਗੱਦਾਰੀ ਨਾਲ ਲਾਹਨਤ ਦਾ ਵੀ ਭਾਗੀ ਹੋਵੇਗਾ।

ਸਿੱਖ ਕੌਮ ਨੂੰ ਸਮਾਂ ਵੰਗਾਰ ਪਾ ਕੇ ਆਖਦਾ ਹੈ ਤੁਸਾਂ ਵਿਤਕਰੇ ਤੇ ਲੁੱਟ ਤੋਂ ਖਲਾਸੀ ਪਾਉਣ ਲਈ ਕਾਨੂੰਨੀ ਮੋਰਚਾ ਲਾਇਆ, ਜਿਸ ਤਰ੍ਹਾਂ ਕਾਂਗਰਸ ਤੇ ਅਕਾਲੀ ਅੰਗਰੇਜ਼ ਦੇ ਰਾਜ ਵਿਚ ਆਮ ਹੀ ਲਾਇਆ ਕਰਦੇ ਸਨ। ਪਰ ਮਿਲਿਆ ਜਬਰ, ਤਸ਼ੱਦਦ, ਧਰਮ ਅਸਥਾਨਾਂ ਦਾ ਅਪਮਾਨ ਅਤੇ ਸਮੁੱਚੀ ਕੌਮ ਨੂੰ ਹੇਠੀ। ਤੁਸਾਂ ਆਣ-ਅਣਖ ਅਤੇ ਹੱਕ-ਸੱਚ ਤੇ ਮਰ ਜਾਣਾ ਠੀਕ ਸਮਝਿਆ, ਜਿਵੇਂ ਤੁਹਾਡੇ ਪੁਰਖੇ ਜ਼ੁਲਮ ਦੇ ਵਿਰੁਧ ਡਟਦੇ ਅਤੇ ਸ਼ਹੀਦ ਹੁੰਦੇ ਆਏ ਸੀ। ਤੁਸਾਂ ਲਹੂ ਭਿੱਜੇ ਰਾਹ ਉਤੇ ਦਲੇਰੀ ਨਾਲ ਪੁਲਾਂਘਾਂ ਪੁਟੀਆਂ। ਤੁਹਾਡੀਆਂ ਸਾਂਝੀਆਂ ਕੁਰਬਾਨੀਆਂ ਨੂੰ ਵੇਖ ਕੇ ਦੁਸ਼ਮਣ ਘਬਰਾ ਗਿਆ। ਉਸ ਸਾਹਮਣੀ ਟੱਕਰ ਛੱਡ ਕੇ ਤੁਹਾਡੇ ਪਿਛਵਾੜੇ ਘਾਤ ਲਾਈ ਅਤੇ ਪੰਥ ਨੂੰ ਟੁਕੜਿਆਂ ਵਿਚ ਹੀ ਨਹੀਂ, ਟੁਕੜੀਆਂ ਵਿਚ ਵੰਡ ਕੇ ਰਖ ਦਿਤਾ। ਦੁਸ਼ਮਣ ਤੁਹਾਡੇ ਨਾਲੋਂ ਸੌ ਦਰਜੇ ਚਤਰ, ਚਾਲਾਕ ਅਤੇ ਸਿਆਸੀ ਹੱਥਕੰਡਿਆਂ ਦਾ ਮਾਹਰ ਹੈ, ਉਸ ਆਪਣੇ ਝੂਠ ਨੂੰ ਸੱਚ ਸਾਬਤ ਕਰਨ ਲਈ, ਦੇਸ਼ ਬਦੇਸ਼ ਨਸ਼ਰ ਕਰਨ ਲਈ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਆਪਣੇ ਨਾਲ ਗੰਢ ਲਿਆ ਹੈ। ਅੱਜ ਤੁਹਾਨੂੰ ਮਾਰਨ, ਪਾੜਨ ਅਤੇ ਬਦਨਾਮ ਕਰਨ ਲਈ ਸਾਰੀਆਂ ਪਾਰਟੀਆਂ ਸਰਮਾਏਦਾਰ ਸਰਕਾਰ ਦੀ ਪਿੱਠ ਤੇ ਹਨ। ਇਸ਼ਤਿਹਾਰਾਂ ਤੇ ਹੋਰ ਸਹੂਲਤਾਂ ਨਾਲ ਸਾਰੀ ਪ੍ਰੈਸ ਨੂੰ ਤੁਹਾਡੇ ਮਗਰ ਪਾਇਆ ਹੋਇਆ ਹੈ। ਟੀ ਵੀ ਤੇ ਰੇਡੀਓ 'ਮਾਂ ਨਾਲੋਂ ਧੀ ਹੇਜਲੀ, ਰਿਧੇ ਪੱਕੇ ਪਾਵੇ ਪਾਣੀ' ਵਾਂਗ ਸਰਕਾਰ ਦਾ ਹੀ ਦਮ ਭਰ ਰਹੇ ਹਨ। ਮੁਕਦੀ ਗੱਲ ਕਿ ਤੁਹਾਡਾ ਕੋਈ ਨਹੀਂ ਹੈ ਜੀ ਕਿ ਆਪਣਾ ਸਤਿਗੁਰ ਪਿਆਰਾ ਜੀ। 'ਕੱਲੀ ਮੇਰੀ ਜਾਨ ਤੇ ਸਾਰਾ ਸ਼ਿਮਲਾ' ਵਾਲੀ ਕਹੌਤ ਹਰ ਸੂਝਵਾਨ ਸਿੱਖ ਤੇ ਈਮਾਨਦਾਰ ਪੰਜਾਬੀ ਦੇ ਮਨ, ਸੱਚ ਦੇ ਕਿੱਲੇ ਵਾਂਗ ਗੱਡੀ ਹੋਈ ਹੈ। ਪਰ ਮੈਂ ਹੈਰਾਨ ਹਾਂ, ਫਿਰ ਵੀ ਲੀਡਰ ਅਰਲੀ ਥਾਣੀਂ

---

ਆਵੇ। ਖੁੰਢੀਆਂ ਕਿਰਪਾਨਾਂ, ਬਹੁਤੀਆਂ ਟੁਟੀਆਂ ਕਮਾਨਾਂ, ਤੀਰਾਂ ਤੋਂ ਸਖਣੇ ਭਥੇ, ਤੇ ਭਜੇ ਟੁਟੇ ਨੇਜ਼ੇ, ਵਿਰਲੇ ਘੋੜਿਆਂ ਤੇ ਬਹੁਤੇ ਪੈਦਲ, ਫਟੜਾਂ ਜਾਂ ਘਾਇਲਾਂ ਦਾ ਕੋਈ ਪ੍ਰਬੰਧ ਨਹੀਂ, ਮਲ੍ਹਮ ਨਾ ਪੱਟੀ, ਕਈ ਕਈ ਦਿਨਾਂ ਦੇ ਭੁੱਖਣ-ਭਾਣੇ। ਘੋੜਿਆਂ ਦੇ ਵੀ ਭੁਖ ਨਾਲ ਲੱਕੇ ਵੱਜੇ ਹੋਏ। ਚੁਫੇਰੇ ਮੌਤ ਦਾ ਨੰਗਾ ਨਾਚ। ਸੜ ਰਹੇ ਜੰਗਲਾਂ ਝੁੱਲਾਂ ਵਿਚ ਕਿਤੇ ਪੈਰ ਧਰਨ ਨੂੰ ਵੀ ਥਾਂ ਨਹੀਂ। ਇਹ ਹਾਲਤ ਹੈ ਉਹਨਾਂ ਸਿੰਘਾਂ ਸੂਰਮਿਆਂ ਦੀ ਜੋ ਅਕਾਲ ਪੁਰਖ ਦਾ ਭਰੋਸਾ ਰਖ ਕੇ ਮੌਤ ਨੂੰ ਟਿਚਰਾਂ ਕਰਦੇ ਹਨ, ਕਹਿੰਦੇ ਹਨ ਕਿ ਚੜ੍ਹਦੀ ਕਲਾ ਵਿਚ ਹਾਂ, ਤੇ ਮੂੰਹੋਂ ਬੀਰ-ਰਸੀ ਰੋਹ ਨਾਲ ਅਰਦਾਸ ਦੀ ਆਵਾਜ਼ ਆਉਂਦੀ ਹੈ, "ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੇ ਕਰ ਆਪਣੀ ਜੀਤ ਕਰੋਂ॥" ਵੇਰੀ ਸਾਰਾ ਤਾਣ ਲਾ ਕੇ ਵੀ ਉਹਨਾਂ ਦਾ ਕੱਖ ਵੀ ਨਹੀਂ ਵਿਗਾੜ ਸਕਿਆ। ਸਿੰਘਾਂ ਦੀ ਤੇਗ ਜੋ ਕਰ ਗਈ, ਇਤਿਹਾਸਕਾਰ ਦਾ ਕਲਮ ਉਸ ਨੂੰ ਨਾ ਮਿਲ ਸਕਿਆ—

ਬਿਗਾਨਿਆਂ ਤੇ ਕੀ ਗਿਲ੍ਹਾ, ਆਪਣਿਆਂ ਵੀ ਕੋਈ ਡੱਡਾ ਨਹੀਂ ਗਾਹਿਆ, ਸ: ਰਤਨ ਸਿੰਘ, ਸ: ਕਰਮ ਸਿੰਘ, ਗਿ: ਗਿਆਨ ਸਿੰਘ ਨਾ ਹੁੰਦੇ ਤਾਂ ਕਿੱਸਾ ਹੀ ਖਤਮ ਸੀ।



www.AKJ.Org

ਝਾਕਣੋਂ ਨਹੀਂ ਹੱਟਦੇ।

ਪੰਥ ਦਰਦੀ ਨਹੀਂ, ਨਿਜ ਦਰਦੀ ਆਗੂਆਂ ਨੂੰ ਮੈਂ ਪੁਛਦਾ ਹਾਂ, ਅਕਾਲ ਤਖਤ ਢੁਆਹ ਕੇ, ਸ੍ਰੀ ਹਰਿਮੰਦਰ ਸਾਹਿਬ ਦੀ ਹਾਨੀ ਕਰਵਾ ਕੇ, ਚਾਲੀ ਪੰਜਾਹ ਹਜ਼ਾਰ ਸਿੱਖਾਂ, ਜਿਨ੍ਹਾਂ ਵਿਚ ਮਾਸੂਮ ਬੱਚੇ, ਬੁੱਢੇ ਤੇ ਮਾਵਾਂ ਵੀ ਸ਼ਾਮਲ ਸਨ, ਦਾ ਕਤਲ ਕਰਵਾ ਕੇ ਅਤੇ ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁਟਾ ਕੇ ਹਾਲੇ ਹੋਰ ਖੁਆਰੀ ਚਾਹੁੰਦੇ ਹੋ ? ਤੁਹਾਨੂੰ ਕਿਸੇ ਪੜਾਅ ਤੇ ਵੀ ਸ਼ਰਮ ਨਹੀਂ ਆਈ ? ਤੁਸੀਂ ਹਾਲੇ ਵੀ ਦਿੱਲੀ ਦੇ ਮੂੰਹ ਵਲ ਝਾਕਦੇ ਹੋ ? ਕਲ੍ਹ ਬ੍ਰਹਮਪੁਰਾ ਵਿਚ ਕੀ ਕੁਝ ਵਾਪਰਿਆ ? ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਸਾੜਨਾ ਤੁਹਾਡੀ ਹਸਤੀ ਖ਼ਤਮ ਕਰਨ ਦੇ ਬਰਾਬਰ ਹੈ। ਅਗਲੇ ਅਜਿਹੀਆਂ ਘਟਨਾਵਾਂ ਕਰ ਕੇ ਜਾਂ ਕਰਵਾ ਕੇ ਤੁਹਾਡੀ ਗ਼ੈਰਤ ਨੂੰ ਜੋਹ ਰਹੇ ਹਨ। ਜਿਵੇਂ ਪਿਛਲੀ ਛੱਬੀ ਜਨਵਰੀ ਨੂੰ ਚੰਡੀਗੜ੍ਹ ਨਾ ਦੇ ਕੇ ਉਹਨਾਂ ਜੋਹ ਲਿਆ ਕਿ ਇਹ ਕੁਰਸੀਆਂ ਨਹੀਂ ਛੱਡ ਸਕਦੇ। ਇਸ ਤਰ੍ਹਾਂ ਅਪਮਾਨ ਦੇ ਝਟਕੇ ਦੇ ਦੇ ਕੇ ਸਾਡੀ ਇਤਿਹਾਸਕ ਹਸਤੀ ਨੂੰ ਖੋਹਿਆ ਜਾ ਰਿਹਾ ਹੈ। ਉਹ ਆਪਣੇ ਮਕਸਦ ਵਿਚ ਕਾਮਯਾਬ ਹਨ ਤੇ ਤੁਹਾਨੂੰ ਲੀਰਾਂ ਲੀਰਾਂ ਕਰੀ ਜਾ ਰਹੇ ਹਨ।

ਇਸ ਲੁੱਟ, ਬੇਪਤੀ ਅਤੇ ਪਾਟੋ ਧਾੜ ਨੂੰ ਰੋਕਣ ਲਈ ਪੰਥ ਦੀ ਪਹਿਲੀ ਜ਼ਿੰਮੇਵਾਰੀ ਬਣਦੀ ਹੈ ਕਿ ਸਾਰੇ ਲੀਡਰਾਂ ਅਤੇ ਸਿੱਖ ਜਥੇਬੰਦੀਆਂ ਨੂੰ ਅਕਾਲ ਤਖਤ ਸਾਹਮਣੇ ਖੜ੍ਹੇ ਕਰੇ। ਟੱਕਰ ਹਮੇਸ਼ਾ ਦਿੱਲੀ ਦੇ ਤਖਤ ਅਤੇ ਅਕਾਲ ਤਖਤ ਵਿਚਕਾਰ ਰਹੀ ਹੈ। ਜਿਵੇਂ ਨੇਕੀ ਤੇ ਬਦੀ ਆਪੋ ਵਿਚੀਂ ਖਹਿੰਦੀਆਂ ਆ ਰਹੀਆਂ ਹਨ। ਅਕਾਲ ਤਖਤ ਨੇ ਹਮੇਸ਼ਾ ਹੱਕ-ਸੱਚ ਦੀਆਂ ਲੜਾਈਆਂ ਝੂਠ ਤੇ ਜ਼ੁਲਮ ਦੇ ਵਿਰੁਧ ਲੜੀਆਂ। ਦਿੱਲੀ ਦੇ ਤਖਤ ਨੇ ਫ਼ਰਾਊਨ ਬਣਦਿਆਂ ਮਹਾਂਪੁਰਖਾਂ, ਗੁਰੂਆਂ, ਪੀਰਾਂ ਅਤੇ ਫ਼ਕੀਰਾਂ ਦੀ ਕਤਲਾਮ ਕੀਤੀ; ਲੁੱਟਾਂ, ਧਾੜਾਂ ਅਤੇ ਬੇਪਤੀਆਂ ਦੀ ਹਨੇਰੀ ਵਗਾਈ। ਦਿੱਲੀ ਨਾਲ ਜੁੜਨ ਵਾਲਿਆਂ ਨੂੰ ਕੌਮ ਨੇ ਗੱਦਾਰਾਂ ਤੇ ਖ਼ੁਦਗਰਜ਼ਾਂ ਦੇ ਖ਼ਿਤਾਬ ਦਿਤੇ।

ਫੈਸਲੇ ਦੀ ਘੜੀ ਨੇ ਅੱਜ ਸਾਡੇ ਆਗੂਆਂ, ਪੰਥ-ਦਰਦੀਆਂ ਅਤੇ ਸਚੇ ਸੁਚੇ ਪੰਜਾਬੀਆਂ ਨੂੰ ਫਿਰ ਵੰਗਾਰ ਪਾਈ ਹੈ। ਦਿਲੀ ਦੇ ਤਖਤ ਨਾਲ ਜੁੜਨਾ ਹੈ ਜਾਂ ਅਕਾਲ ਤਖਤ ਨਾਲ ? ਲਾਹਨਤ ਗਲ ਪੁਆਣੀ ਹੈ ਜਾਂ ਸਿਦਕ ਸੰਤੁਸ਼ਟੀ ਲੈਣੀ ਹੈ ? ਆਪਣੀ ਹਸਤੀ ਸਲਾਮਤ ਰੱਖਣੀ ਹੈ ਜਾਂ ਮਲੀਆਮੇਟ ਹੋਣਾ ਹੈ ? ਯਾਦ ਰਹੇ ਦੁਸ਼ਮਣ ਸਾਨੂੰ ਸਾਹਮਣੇ ਵਾਰ ਨਾਲ ਖ਼ਤਮ ਨਹੀਂ ਕਰ ਸਕਿਆ। ਸਾਨੂੰ ਜਦੋਂ ਮਾਰਿਆ, ਸਾਡੇ ਆਗੂਆਂ ਦੀ ਪਿੱਠ ਦੀ ਛੁਰੀ ਨੇ ਮਾਰਿਆ। ਪੰਜਾਬੀਓ ਸਿੰਘੋ ! ਤੁਸੀਂ ਦੋਹਰੇ ਵਾਰਾਂ ਦੇ ਸੰਨ੍ਹ ਆਏ ਹੋਏ ਹੋ। ਤੁਸੀਂ ਅਕਾਲ ਤਖਤ ਦੀ ਸ਼ਕਤੀ ਨਾਲ ਜੁੜੇ ਬਿਨਾਂ ਨਹੀਂ ਬਚ ਸਕਦੇ। ਦਿੱਲੀ ਦੇ ਉਠ-ਬੁੱਲ ਵਲ ਝਾਕਦੇ ਆਗੂਆਂ ਨੂੰ ਮਜਬੂਰ ਕਰੋ, ਉਹ ਅਕਾਲ ਤਖਤ ਦੀ ਸੰਗਤ ਤੇ ਪੰਗਤ ਵਿਚ ਆ ਕੇ ਬੈਠਣ। ਜੇ ਉਹ ਅਜਿਹਾ ਕਰਨ ਤੋਂ ਕੰਨੀ ਕਤਰਾਉਂਦੇ ਹਨ ਜਾਂ ਝਿਜਕ ਵਿਖਾਉਂਦੇ ਹਨ, ਅਜਿਹੇ ਖ਼ੁਦਗਰਜ਼ਾਂ ਵਿਰੁੱਧ ਨੰਗੀ ਚਿੱਟੀ ਬਗ਼ਾਵਤ ਕਰੋ। ਬਗ਼ਾਵਤ ਹਮੇਸ਼ਾ ਨਵੇਂ ਤੇ ਨਰੋਏ ਇਤਿਹਾਸ ਨੂੰ ਜਨਮ ਦੇਂਦੀ ਹੈ, ਤਾਰੀਖ ਅਜ ਅਜਿਹਾ ਮੋੜ ਕੱਟ ਰਹੀ ਹੈ, ਜਿਸ ਵਿਚੋਂ ਕੌਮ ਕੁਰਬਾਨੀ ਦੇ ਕੇ ਸੁਰਖ਼ਰੂ ਵੀ ਹੋ ਸਕਦੀ ਹੈ ਅਤੇ ਅਣਗਹਿਲੀ ਕਾਰਨ ਆਟਾ ਕਿਆਟਾ ਵੀ ਹੋ ਸਕਦੀ ਹੈ। ਵੇਲਾ ਹੈ ਦਿੱਲੀ ਵੱਲ ਝਾਕਣ ਵਾਲਿਆਂ ਨੂੰ ਅਕਾਲ ਤਖਤ ਦੇ ਚਰਨੀ ਲਾ ਲਿਆ ਜਾਵੇ। ਯਾਦ ਰਹੇ ਕੁਹਾੜੇ ਦਾ ਦਸਤਾ ਜੰਗਲ ਦਾ ਨਾਸ ਵੀ ਕਰਵਾ ਸਕਦਾ ਹੈ। ਅੱਜ ਪਦਵੀਆਂ ਤੇ ਔਹਦੇ ਜਿਹਨਾਂ ਕੌਮ ਦਾ ਸਿਰ ਨੀਵਾਂ ਕਰਵਾਇਆ ਹੈ, ਚਲਾ ਕੇ ਮਾਰਨ ਦਾ ਸਮਾਂ ਆ ਗਿਆ ਹੈ। ਨਹੀਂ ਤਾਂ ਹਾਲਾਤ ਦੀ ਹਨੇਰੀ ਪਤਾ ਨਹੀਂ ਸਾਨੂੰ ਕਿਥੇ ਲੈ ਜਾ ਸੁੱਟੇ। ਸਮਾਂ ਅਜਿਹੀ ਬੇ-ਦਰਦ ਬਲਾ ਹੈ ਜਿਹੜਾ ਪੈਗ਼ੰਬਰਾਂ ਦੀ ਵੀ ਇੰਤਜ਼ਾਰ ਨਹੀਂ ਕਰਦਾ। ਅੱਜ ਤੁਹਾਡਾ ਹੈ, ਭਲਕ ਪਤਾ ਨਹੀਂ ਕੀਹਦਾ ਹੋਵੇ। ਸੋ ਅੱਜ ਜੁਰੱਅਤ ਨਾਲ ਹੰਭਲਾ ਮਾਰੋ ਤੇ ਇਕ ਹੋਣ ਦੀ ਵੰਗਾਰ ਨੂੰ ਬਾਹਾਂ ਅੱਡ ਕੇ ਮਿਲੋ।

ਕੌਮ ਲਈ ਇਕ ਹੋਰ ਸੁਭਾਗ ਕਿ ਉਸ ਨੂੰ ਪ੍ਰੋ: ਦਰਸ਼ਨ ਸਿੰਘ ਵਰਗੀ ਮਹਾਨ ਕੀਰਤਨੀ ਹਸਤੀ ਅਕਾਲ ਤਖਤ ਦੀ ਜਥੇਦਾਰੀ ਲਈ ਪ੍ਰਾਪਤ ਹੋਈ ਹੈ। ਪੜ੍ਹੇ ਲਿਖੇ ਸਿੰਘ ਸਾਹਿਬ ਨੇ ਕੌਮ ਨੂੰ ਤਖਤ ਨਾਲ ਜੋੜਨ ਦੀ ਫੌਰੀ ਲੋੜ ਮਹਿਸੂਸ ਕੀਤੀ ਅਤੇ ਆਪਣਾ ਮਨ ਪੰਥ ਅੱਗੇ ਰੱਖ ਦਿੱਤਾ। ਅਕਾਲ ਤਖਤ ਸਾਡੇ ਲਈ ਆਖ਼ਰੀ ਸ਼ਰੋਮਣੀ ਧਰਮੀ ਵੰਗਾਰ ਹੈ। ਕੋਈ ਸਿਖ ਅਕਾਲ ਤਖਤ ਅੱਗੇ ਨਾਬਰ ਨਹੀਂ ਹੋ ਸਕਦਾ। ਨਾਬਰ ਹੋਣ ਵਾਲਾ ਸਜ਼ਾ ਭੁਗਤ ਕੇ



www.AKJ.Org

ਮੁੜ ਸਿਰ ਝੁਕਾਉਂਦਾ ਰਿਹਾ ਹੈ। ਹੁਣ ਤਕ ਸਾਰਾ ਪੰਥ ਅਕਾਲ ਤਖਤ ਦੇ ਫੁਰਮਾਨਾਂ ਉੱਤੇ ਫੁੱਲ ਚੜ੍ਹਾਉਂਦਾ ਆਇਆ ਹੈ। ਭੁਲਾਂ ਕਰਨ ਉੱਤੇ ਅਕਾਲ ਤਖਤ ਨੇ ਰਾਜਿਆਂ ਤੇ ਆਗੂਆਂ ਨੂੰ ਵੀ ਨਹੀਂ ਬਖਸ਼ਿਆ । ਅਕਾਲ ਤਖਤ ਸਦਾ ਹੱਕ-ਸੱਚ ਦਾ ਅਲਮਬਰਦਾਰ ਰਿਹਾ ਹੈ। ਤੇ ਅੱਜ ਉਸ ਮੁੜ ਪੰਥ ਤੇ ਪੰਜਾਬ ਦੇ ਭਲੇ ਲਈ ਆਵਾਜ਼ ਉਠਾਈ ਹੈ। ਸਮੁੱਚੇ ਪੰਜਾਬੀਆਂ ਦਾ ਫਰਜ਼ ਹੈ, ਦੇਸ਼ ਦੇ ਅਮਨ, ਖੁਸ਼ਹਾਲੀ ਅਤੇ ਆਪਣੇ ਬਣਦੇ ਹੱਕ ਪ੍ਰਾਪਤ ਕਰਨ ਲਈ ਅਸੀਂ ਅਕਾਲ ਤਖਤ ਨੂੰ ਮਜ਼ਬੂਤ ਕਰੀਏ ।

ਮੈਂ ਇਹ ਵੀ ਸਮਝਦਾ ਹਾਂ, ਹਰ ਲੜਾਈ ਦਾ ਅੰਤ ਸਮਝੌਤਾ ਹੁੰਦਾ ਏ, ਜਿਹੜਾ ਦੋਹਾਂ ਧਿਰਾਂ ਨੂੰ ਬਰਾਬਰ ਦੇ ਹੱਕ ਤੇ ਇੱਜ਼ਤ ਦੇਵੇ। ਜਿਹੜੇ ਸਮਝੌਤੇ ਨਿਰੇ ਵੋਟਾਂ ਹਾਸਲ ਕਰਨ ਲਈ ਸੌਦੇ ਹੋ ਕੇ ਰਹਿ ਜਾਣ ਜਾਂ ਚੰਦ ਵਜ਼ੀਰੀਆਂ ਪਿੱਛੇ ਕੌਮ ਦੇ ਸਮੁੱਚੇ ਹਿੱਤ ਕੁਰਬਾਨ ਕਰ ਦੇਣ, ਉਹ ਨਵੀਂ ਜੰਗ ਦਾ ਮੁੱਢ ਬੰਨ੍ਹਦੇ ਹਨ। ਇਤਿਹਾਸ ਇਸ ਦੀ ਸਾਖੀ ਭਰਦਾ ਹੈ। ਰਾਜੀਵ-ਲੌਂਗੋਵਾਲ ਸਮਝੌਤੇ ਨੇ ਨਾ ਕੈਦੀ ਛੱਡੇ, ਨਾ ਚੰਡੀਗੜ੍ਹ ਦਿੱਤਾ, ਨਾ ਸਾਡੇ ਪਾਣੀ ਬਿਜਲੀ ਦੀ ਮਾਲਕੀ ਮੰਨੀ ਅਤੇ ਨਾ ਹੀ ਪੰਜਾਬੀ ਬੋਲਦੇ ਇਲਾਕੇ ਹੀ ਦਿੱਤੇ। ਸਗੋਂ ਚੰਡੀਗੜ੍ਹ ਬਦਲੇ ਸੱਤਰ ਹਜ਼ਾਰ ਏਕੜ ਭੋਇੰ ਹੋਰ ਮੰਗ ਲਈ। ਕਮਿਸ਼ਨਾਂ ਦੀ ਖੱਜਲ ਖਵਾਰੀ ਨੇ ਪੰਜਾਬ ਨੂੰ ਬਲਦੀ ਦੇ ਬੁੱਥੇ ਦੇਈ ਰੱਖਿਆ। ਸੈਂਟਰ ਦੇ ਲੜ ਲਗਣ ਵਾਲੇ ਆਗੂਆਂ ਇਸ ਦਾ ਭੋਰਾ ਜਿੰਨਾ ਅਹਿਸਾਸ ਨਹੀਂ ਕੀਤਾ। ਰਾਜਪੂਤਾਂ ਅਕਬਰ ਦੇ ਲੜ ਲੱਗ ਕੇ ਰਿਆਸਤਾਂ ਤਾਂ ਬਚਾ ਲਈਆਂ, ਪਰ ਸਦੀਆਂ ਦੀ ਗੁਲਾਮੀ ਗਲ ਪੁਆ ਲਈ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਿੱਖਾਂ ਦੀਆਂ ਕੁਰਬਾਨੀਆਂ ਅੱਗੇ ਸਾਰਾ ਦੇਸ਼ ਇਕ ਪੱਲੜੇ ਪਵੇ, ਤਦ ਵੀ ਸਿੱਖਾਂ ਦੇ ਬਰਾਬਰ ਨਹੀਂ ਹੁੰਦਾ। ਅੰਗਰੇਜ਼ਾਂ ਦੇ ਰਾਜ ਵਿਚ ਸਿੱਖ ਸਾਰਿਆਂ ਨਾਲ ਬਰਾਬਰ ਦੇ ਗੁਲਾਮ ਹੁੰਦੇ ਮਾਣਯੋਗ ਹਸਤੀ ਸਨ। ਆਜ਼ਾਦੀ ਨੇ ਸਿੱਖਾਂ ਨੂੰ ਖੁਆਰੀ ਦਿੱਤੀ ਹੈ ਤੇ ਉਹ ਅੰਗਰੇਜ਼ ਰਾਜ ਨਾਲੋਂ ਕਿਤੇ ਵੱਧ ਗੁਲਾਮੀ ਅਨੁਭਵ ਕਰਦੇ ਹਨ। ਸਮਝੌਤੇ ਤੇ ਗੱਲਬਾਤੀ ਢੰਗ ਬਰਾਬਰ ਦੀ ਤਾਕਤ ਕਾਰਨ ਹੀ ਕਾਮਯਾਬ ਹੁੰਦੇ ਹਨ।

ਮੰਗਿਆਂ ਹਮੇਸ਼ਾ ਮਾਯੂਸੀ ਤੇ ਬੇਇੱਜ਼ਤੀ ਮਿਲੀ ਹੈ। ਇੱਜ਼ਤ ਤੇ ਚੜ੍ਹਦੀ ਕਲਾ ਚਾਹੁੰਦੇ ਹੋ ਤਾਂ ਤਾਕਤ ਪੈਦਾ ਕਰੋ। ਤੇ ਤਾਕਤ ਤੁਹਾਨੂੰ ਅਕਾਲ ਤਖਤ ਹੀ ਦੇ ਸਕਦਾ ਹੈ। ਅਕਾਲ ਤਖਤ ਹੀ ਅੱਗੋਂ ਪਿੱਛੋਂ ਏਕਤਾ ਦਾ ਤਾਰੀਖੀ ਮੁੱਠਾ ਸਾਬਤ ਹੋਇਆ ਹੈ। ਸੋ ਪੰਥ ਤੇ ਪੰਜਾਬ ਦੀ ਆਬਰੂ ਖ਼ਾਤਰ, ਲੁੱਟ-ਖਸੁੱਟ ਤੇ ਹਰ ਤਰ੍ਹਾਂ ਦੇ ਵਿਤਕਰੇ ਦੂਰ ਕਰਵਾਉਣ ਲਈ, ਆਣ ਸਵੈਮਾਣ ਕਾਇਮ ਕਰਨ ਲਈ ਅਕਾਲ ਤਖਤ ਨੂੰ ਮਜ਼ਬੂਤ ਕਰੋ। ਹਰ ਤਰ੍ਹਾਂ ਦੇ ਅਹੁਦੇ ਤੇ ਪਦਵੀਆਂ ਤਿਆਗ ਕੇ ਅਕਾਲ ਤਖਤ ਅੱਗੇ ਸਿਰ ਝੁਕਾਓ। ਏਸੇ ਵਿਚ ਪੰਥ ਦਾ, ਪੰਜਾਬ ਦਾ ਅਤੇ ਸਮੁੱਚੇ ਦੇਸ਼ ਦ ਭਲਾ ਹੈ।

—ਅਜੀਤ, ੨੬-੧-੮੭


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿਠੀਆਂ | ੧੫-੦੦ | ਰੰਗਲੇ ਸਜਣ | ੭-੧੦ |
| ਸੰਤ ਪਦ ਨਿਰਣਯ | ੯-੫੦ | ਅਣਡਿਠੀ ਦੁਨੀਆ ੧੦-੦੦ ਦਰਸ਼ਨ ਝਲਕਾਂ | ੫-੦੦ |
| ਗੁਰਮਤਿ ਬਿਬੇਕ | ੭-੫੮ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਵਾਹਿਗੁਰੂ ਸਿਮਰਨ | ੦-੫੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੭-੩੫ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |
| ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |


ਪੀਲੀਭੀਤ ਸ਼ਹਿਰ (ਯੂ. ਪੀ.) ਵਿਖੇ ਨੌਜਵਾਨ ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ੧੪ ਫਰਵਰੀ ਸ਼ਨੀਵਾਰ ਰਾਤ ਨੂੰ ਭਾਈ ਰਾਜਿੰਦਰ ਸਿੰਘ ਬਖਸ਼ੀ ਦੇ ਗ੍ਰਹਿ ਵਿਖੇ ਰੈਣ ਸਬਾਈ ਕੀਰਤਨ ਵਿਚ ਆਇ ਜੁੜੇ ਜੀ।




www.AKJ.Org

# ਕ੍ਰਿਪਾਨ ਸਿਖ ਲਈ ਲਾਜ਼ਮੀ ਰਹਿਤ ਹੈ

[ ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ ]

ਜਦ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਗੌਤੀ ਆਪਣੇ ਸਿੰਘਾਂ ਨੂੰ ਬਖਸ਼ ਕੇ ਇਸ ਨੂੰ ਰਹਿਤ ਮਰਯਾਦਾ ਦਾ ਅੰਗ ਬਣਾਇਆ, ਤਦ ਤੋਂ ਹੀ ਗੀਦੀ ਇਸ ਤੋਂ ਤ੍ਰਹਿਣ ਲੱਗ ਪਏ, 'ਸ੍ਰੀ ਸਾਹਿਬ' ਪਹਾੜੀ ਰਾਜਿਆਂ ਨੂੰ ਵੀ ਖਟਕੀ, ਮੁਗਲਾਂ ਵੀ ਇਸ ਤੋਂ ਭੈ ਖਾਧਾ, ਅੰਗਰੇਜ਼ ਵੀ ਔਖੇ ਰਹੇ ਤੇ ਵਰਤਮਾਨ ਅਧਿਕਾਰੀਆਂ ਨੂੰ ਵੀ 'ਕ੍ਰਿਪਾਨ' ਨਹੀਂ ਸੁਖਾਂਦੀ। ਪਰ ਨਾ ਬੀਤ ਚੁਕੇ ਸਮੇਂ ਵਿਚ ਇਹ ਕ੍ਰਿਪਾਨ ਸਿੰਘਾਂ ਤੋਂ ਖੋਹੀ ਜਾ ਸਕੀ, ਨਾ ਹੀ ਹੁਣ ਕੋਈ ਖੋਹ ਸਕਦਾ ਹੈ, ਕਿਉਂਕਿ ਸਿੱਖਾਂ ਲਈ ਕ੍ਰਿਪਾਨ ਮਾਰੂ ਹਥਿਆਰ ਨਹੀਂ, ਸਗੋਂ ਸ੍ਵੈ-ਰਖਿਆ ਦਾ ਸ਼ਸਤਰ ਹੈ।

ਸਮੇਂ ਸਮੇਂ ਜੋ ਯਤਨ ਕ੍ਰਿਪਾਨ ਉੱਤੇ ਪਾਬੰਧੀ ਲਾਉਣ ਦੇ ਹੁੰਦੇ ਰਹੇ, ਉਸ ਦਾ ਲੇਖਾ ਜੋਖਾ ਕਰਨਾ ਹੀ ਇਸ ਲੇਖ ਦਾ ਮਨੋਰਥ ਹੈ।

ਕ੍ਰਿਪਾਨ ਪਹਿਨਣ ਦੀ ਸੁਤੰਤਰਤਾ ਪ੍ਰਾਪਤ ਕਰਨ ਬਾਰੇ ਕੀਤੇ ਯਤਨਾਂ ਦੀ ਹਿਸਟਰੀ ਬੜੀ ਰੌਚਿਕ ਹੈ। ਇਸ ਹੱਕ ਨੂੰ ਪ੍ਰਾਪਤ ਕਰਨ ਲਈ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ। ਅੰਗਰੇਜ਼ੀ ਰਾਜ ਸਮੇਂ ਇਸ ਉੱਤੇ ਰੋਕ ਲਾਉਣ ਦੇ ਕਈ ਯਤਨ ਕੀਤੇ ਗਏ। ਰੋਚਕਿਤਾ ਇਸ ਗੱਲ ਵਿਚ ਹੈ ਕਿ ਇਕ ਪਾਸੇ ਅੰਗਰੇਜ਼ ਹਾਕਮ ਲਿਖ ਕੇ ਕ੍ਰਿਪਾਨ ਪਹਿਨਣ ਦੀ ਆਜ਼ਾਦੀ ਦੇਂਦੇ ਤਾਂ ਦੂਸਰੇ ਪਾਸੇ ਲਿਖ ਕੇ ਹੀ ਕ੍ਰਿਪਾਨ-ਧਾਰੀਆਂ ਉੱਤੇ ਮੁਕੱਦਮੇ ਚਲਾਉਂਦੇ ਤੇ ਅੰਗਰੇਜ਼ ਜੱਜ ਵੱਧ ਚੜ੍ਹ ਕੇ ਸਜ਼ਾਵਾਂ ਦੇ ਕੇ ਉਹਨਾਂ ਨੂੰ ਜੇਲ੍ਹਾਂ ਵਿਚ ਡੱਕ ਦੇਂਦੇ।

ਇਕ ਸਮਾਂ ਅਜਿਹਾ ਵੀ ਆਇਆ ਕਿ ਕ੍ਰਿਪਾਨ ਨੂੰ ਵੀ ਬੰਦੂਕ, ਪਸਤੌਲ ਆਦਿ ਮਾਰੂ ਹਥਿਆਰਾਂ ਵਿਚ ਸ਼ਾਮਲ ਕਰਕੇ ਇਸ ਦੇ ਰੱਖਣ ਤੇ ਪਹਿਨਣ ਉੱਤੇ ਰੋਕ ਲਾ ਦਿਤੀ ਗਈ ਸੀ। ਸਗੋਂ ਕ੍ਰਿਪਾਨ ਦਾ ਰੱਖਣਾ ਤੇ ਪਹਿਨਣਾ ਜੁਰਮ ਕਰਾਰ ਦੇ ਦਿਤਾ ਗਿਆ ਸੀ। **ਪਰ ਸਿੰਘਾਂ ਦਾ ਇਸ ਨੂੰ ਪਹਿਨਣਾ ਧਾਰਮਿਕ ਤੌਰ ਤੇ ਜ਼ਰੂਰੀ ਸੀ, ਕਿਉਂਕਿ ਇਹ 'ਪੰਜ ਕਕਾਰਾਂ' ਵਿਚੋਂ ਇਕ ਸੀ, ਜਿਸ ਨੂੰ ਰੱਖਣ ਦਾ ਹੁਕਮ ਕਲਗੀਧਰ ਪਾਤਸ਼ਾਹ ਵਲੋਂ ਸੀ।**

ਸ਼ਰਮ ਤੇ ਦੁਖ ਦੀ ਗੱਲ ਇਹ ਹੋਈ ਕਿ ਕਈ ਸਰਕਾਰੀ ਪਿੱਠੂਆਂ ਨੇ ਕ੍ਰਿਪਾਨ ਨੂੰ ਕ੍ਰਿਪਾਨ ਨਾ ਰਹਿਣ ਦਿਤਾ, ਸਗੋਂ ਇਸ ਨੂੰ ਖਿਡੌਣਾ ਬਣਾ ਕੇ ਇਸ ਦੀ ਲੰਬਾਈ ਇਤਨੀ ਛੋਟੀ ਕਰ ਦਿਤੀ ਕਿ ਉਸ ਦੀ ਹੋਂਦ ਮਹਿਸੂਸ ਹੀ ਨਾ ਹੋਵੇ ਤੇ ਇਸ ਨੂੰ ਕੰਘੇ ਦੇ ਉਪਰ ਲਗਾ ਕੇ ਇਸ ਦਾ ਗੁਪਤਵਾਸ ਕਰਵਾ ਦਿਤਾ ਗਿਆ।

ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਜਿਨ੍ਹਾਂ ਲੋਕਾਂ ਦੇ ਹੱਥਾਂ ਵਿਚ ਕੌਮ ਦੀ ਵਾਗਡੋਰ ਸੀ, ਉਹ ਕੋਈ ਅਜਿਹਾ ਕੰਮ ਕਰਨ ਵਾਸਤੇ ਤਿਆਰ ਨਹੀਂ ਸਨ ਜਿਸ ਤੋਂ ਅੰਗਰੇਜ਼ ਹਾਕਮਾਂ ਦੇ ਮੱਥੇ ਤੇ ਵੱਟ ਪਵੇ। ਅਕਾਲੀ ਲਹਿਰ ਤੋਂ ਪਹਿਲੋਂ ਬਹੁਤ ਸਾਰੇ ਸੂਰਬੀਰ ਸਿੰਘਾਂ ਨੂੰ ਲੰਮੀਆਂ ਸਜ਼ਾਵਾਂ ਭੁਗਤਣੀਆਂ ਪਈਆਂ, ਕਿਉਂਕਿ ਉਹਨਾਂ ਨੇ ਕ੍ਰਿਪਾਨਾਂ ਪਹਿਨੀਆਂ ਹੋਈਆਂ ਸਨ। ਪੰਜਾਬ ਵਿਚ ਹੀ ਦਮਨ-ਚੱਕਰ ਨਹੀਂ ਸੀ, ਸਗੋਂ ਉਤਰ ਪ੍ਰਦੇਸ਼, ਬੰਗਾਲ ਤੇ ਬਰਮਾ ਵਿਚ ਵੀ ਕ੍ਰਿਪਾਨਧਾਰੀ ਸਿੰਘਾਂ ਨੂੰ ਫੜ ਲਿਆ ਜਾਂਦਾ ਸੀ। ਖਾਸ ਕਰਕੇ ਫੌਜੀ ਸਿੰਘਾਂ ਨੂੰ ਜ਼ਿਆਦਾ ਮੁਲ ਤਾਰਨਾ ਪਿਆ, ਜਿਨ੍ਹਾਂ ਵਿਚੋਂ ਕਈਆਂ ਨੂੰ ਕਮਾਨ-ਅਫਸਰਾਂ ਨੇ ਚੌਦਾਂ ਚੌਦਾਂ ਸਾਲਾਂ ਦੀਆਂ ਸਖ਼ਤ ਸਜ਼ਾਵਾਂ ਦਿਤੀਆਂ। ਆਖਰ ਕਾਫ਼ੀ ਰੌਲਾ ਪਿਆ ਤੇ ਪੰਜਾਬ ਕੌਂਸਲ ਅਤੇ ਕੇਂਦਰੀ ਅਸੈਂਬਲੀ ਵਿਚ ਇਸ ਬਾਰੇ ਪ੍ਰਸ਼ਨ ਪੁਛੇ ਗਏ। ਅਖ਼ਬਾਰਾਂ ਵਿਚ ਚਰਚਾ ਹੋਈ। ਨਤੀਜਾ ਇਹ ਹੋਇਆ ਕਿ ਆਖ਼ਰ ਸਰਕਾਰ ਨੇ ੨੫ ਜੂਨ ੧੯੧੪ ਨੂੰ ਇਕ ਐਲਾਨ ਦੁਆਰਾ ਕ੍ਰਿਪਾਨ ਨੂੰ ਹੋਰਨਾਂ ਹਥਿਆਰਾਂ ਨਾਲੋਂ ਵੱਖਰਾ ਕਰ ਕੇ ਉਸ ਦੇ ਪਹਿਨਣ ਤੇ ਲੱਗੀ ਰੋਕ ਹਟਾ ਦਿਤੀ। ਰੋਕ ਹਟਾ ਤਾਂ ਦਿਤੀ, ਪਰ ਫੇਰ ਕ੍ਰਿਪਾਨ ਦੀ ਲੰਬਾਈ ਤੇ ਉਸ ਦੇ ਡੀਜ਼ਾਇਨ ਬਾਰੇ ਢੂਚਰ ਡਾਹੇ ਜਾਣ ਲੱਗੇ। ਕ੍ਰਿਪਾਨ ਦੀ ਲੰਬਾਈ ਦਾ ਬਹਾਨਾ ਪਾ ਕੇ ਗ੍ਰਿਫਤਾਰੀ ਕਰ ਲਈ ਜਾਂਦੀ। ਇਸ ਤਰ੍ਹਾਂ ਨਾਲ ਕ੍ਰਿਪਾਨ ਦਾ ਮਸਲਾ ਲਟਕਦਾ ਰਿਹਾ। ੧੯ ਮਈ ੧੯੧੭ ਦੇ ਸਰਕਾਰ ਦੇ ਇਕ ਐਲਾਨ ਰਾਹੀਂ ਹਿੰਦੁਸਤਾਨ ਭਰ ਵਿਚ ਸਿੱਖਾਂ ਨੂੰ ਕ੍ਰਿਪਾਨ ਪਹਿਨਣ ਦੀ ਆਗਿਆ ਦੇ ਦਿਤੀ ਗਈ, ਪਰ ਕ੍ਰਿਪਾਨ ਦੇ ਸਾਈਜ਼ ਤੇ ਡੀਜ਼ਾਈਨ ਬਾਰੇ ਕੋਈ ਦੋ-ਟੁਕ ਫ਼ੈਸਲ



www.AKJ.Org

ਨਾ ਕੀਤਾ ਗਿਆ।ਅੱਡ ਅੱਡ ਥਾਵਾਂ ਦੇ ਅਧਿਕਾਰੀਆਂ ਨੇ ਆਪਣੇ ਆਪਣੇ ਖ਼ਿਆਲ ਮੁਤਾਬਕ ਨਿਯਮਾਂ ਦੀ ਵਿਆਖਿਆ ਕਰਕੇ ਗ੍ਰਿਫਤਾਰੀਆਂ ਤੇ ਸਜ਼ਾਵਾਂ ਜ਼ਾਰੀ ਰੱਖੀਆਂ।ਫੌਜਾਂ ਵਿਚ ਕ੍ਰਿਪਾਨ ਪਹਿਨਣ ਵਾਲੇ ਕਈ ਸਿੱਖਾਂ ਦੇ ਕੋਰਟ-ਮਾਰਸ਼ਲ ਹੋ ਜਾਂਦੇ ਸਨ। ਅਕਾਲੀ ਲਹਿਰ ਦੌਰਾਨ ਕਾਲੀ ਦਸਤਾਰ ਤੇ ਕ੍ਰਿਪਾਨ ਬਗ਼ਾਵਤ ਦੀਆਂ ਨਿਸ਼ਾਨੀਆਂ ਸਮਝੀਆਂ ਜਾਣ ਲੱਗੀਆਂ। ਅਕਾਲੀ ਲਹਿਰ ਨੂੰ ਕੁਚਲਣ ਲਈ ਕ੍ਰਿਪਾਨਧਾਰੀ ਅਕਾਲੀਆਂ ਉੱਤੇ ਦਮਨ ਦਾ ਚੱਕਰ ਚਲਿਆ। ਏਥੋਂ ਤਕ ਕਿ ਕ੍ਰਿਪਾਨ ਦੇ ਨਾਲ ਸਿੱਖਾਂ ਕੋਲੋਂ ਟਕੂਏ, ਨੇਜ਼ੇ, ਡਾਂਗਾਂ ਆਦਿ ਵੀ ਖੋਹ ਲਏ ਜਾਂਦੇ ਸਨ ਤੇ ੯ ਇੰਚ ਤੋਂ ਵੱਡੀ ਕ੍ਰਿਪਾਨ ਰੱਖਣ ਵਾਲਿਆਂ ਤੇ ਮੁਕੱਦਮੇ ਚਲਾਏ ਜਾਂਦੇ ਸਨ। ਜਿਹਨਾਂ ਅਕਾਲੀਆਂ ਨੂੰ ਕ੍ਰਿਪਾਨ ਪਹਿਨਣ ਦੇ ਜੁਰਮ ਵਿਚ ਸਰਕਾਰ ਵਲੋਂ ਸਜ਼ਾਵਾਂ ਦਿਤੀਆਂ ਜਾਂਦੀਆਂ ਸਨ, ਪੰਥ ਵਲੋਂ ਉਹਨਾਂ ਨੂੰ 'ਕ੍ਰਿਪਾਨ ਬਹਾਦਰ' ਦੀਆਂ ਉਪਾਧੀਆਂ ਦਿਤੀਆਂ ਜਾਦੀਆਂ ਸਨ। ਅਕਾਲੀਆਂ ਨੇ ਕ੍ਰਿਪਾਨ ਦੀ ਆਜ਼ਾਦੀ ਨੂੰ ਆਪਣੇ ਵਕਾਰ ਦਾ ਸੁਆਲ ਬਣਾ ਲਿਆ। ਭਾਈ ਸੇਵਾ ਸਿੰਘ 'ਕ੍ਰਿਪਾਨ ਬਹਾਦਰ' ਨੇ 'ਕ੍ਰਿਪਾਨ ਬਹਾਦਰ' ਨਾਂ ਦਾ ਹਫਤਾਵਾਰੀ ਅਖ਼ਬਾਰ ਅੰਮ੍ਰਿਤਸਰ ਤੋਂ ਕਢਿਆ। ਇਸ ਅਖ਼ਬਾਰ ਨੇ ਅਕਾਲੀ ਲਹਿਰ, ਰਿਆਸਤੀ ਪਰਜਾ ਮੰਡਲ ਲਹਿਰ ਤੇ ਕ੍ਰਿਪਾਨ ਦੀ ਆਜ਼ਾਦੀ ਦੀ ਲਹਿਰ ਲਈ ਬੜਾ ਮਹੱਤਵਪੂਰਨ ਕੰਮ ਕੀਤਾ। ਇਸ ਅਖ਼ਬਾਰ ਦੇ ਸੰਪਾਦਕਾਂ ਅਤੇ ਛਾਪਕਾਂ ਨੂੰ ਕਈ ਵਾਰੀ ਜੇਲ੍ਹ ਦੀਆਂ ਸੀਖਾਂ ਪਿਛੇ ਵੀ ਜਾਣਾ ਪਿਆ।

ਏਥੋਂ ਤਕ ਕਿ ਜਿਨ੍ਹਾਂ ਫ਼ੈਕਟਰੀਆਂ ਵਿਚ ਕ੍ਰਿਪਾਨਾਂ ਬਣਦੀਆਂ ਸਨ, ਉਨ੍ਹਾਂ ਦੇ ਮਾਲਕ ਵੀ ਸਰਕਾਰ ਦੇ ਕਰੋਪ ਤੋਂ ਨਾ ਬਚ ਸਕੇ। ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਦੇ ਸਿਆਲਕੋਟ ਸਥਿਤ ਕ੍ਰਿਪਾਨਾਂ ਦੇ ਕਾਰਖਾਨੇ ਤੇ ਛਾਪਾ ਮਾਰ ਕੇ ੧੭੯ ਕ੍ਰਿਪਾਨਾਂ, ਜਿਨ੍ਹਾਂ ਦੀ ਲੰਬਾਈ ੯ ਇੰਚ ਤੋਂ ਵਧ ਸੀ, ਪੁਲਸ ਨੇ ਆਪਣੇ ਕਬਜ਼ੇ ਵਿਚ ਕਰ ਲਈਆਂ। (ਮਿਸਟਰ ਸਮਿਥ, ਸੁਪਰਟੰਡੰਟ ਸੀ ਆਈ ਡੀ ਦੀ ਰੀਪੋਰਟ ੧੯੨੧-੨੨) ਇਹ ਛਾਪਾ ੧੯੨੧ ਵਿਚ ਮਾਰਿਆ ਗਿਆ ਸੀ। ਗ਼ੈਰ-ਸਿੱਖਾਂ ਨੂੰ ਸਿਖਾਂ ਵਿਰੁੱਧ ਕ੍ਰਿਪਾਨ ਦੇ ਮਸਲੇ ਤੇ ਭੜਕਾਉਣ ਦੇ ਯਤਨ ਵੀ ਕੀਤੇ ਗਏ। ਬਾਬਾ ਖੜਕ ਸਿੰਘ ਜੀ ਨੂੰ 'ਅਸਲ੍ਹਾ ਐਕਟ' ਥਲੇ ੯ ਮਹੀਨੇ ਦੀ ਸਜ਼ਾ ਦਿਤੀ ਗਈ ਸੀ।

ਜੂਨ ੧੯੨੨ ਦੇ ਸ਼ੁਰੂ ਵਿਚ ਸਰਕਾਰ ਨੇ ਕ੍ਰਿਪਾਨਧਾਰੀ ਅਕਾਲੀਆਂ ਦੀ ਗ੍ਰਿਫਤਾਰੀ ਦੇ ਅੰਕੜੇ ਦਿਤੇ, ਜਿਸ ਅਨੁਸਾਰ ੬੮ ਕ੍ਰਿਪਾਨਧਾਰੀ ਗ੍ਰਿਫਤਾਰ ਕੀਤੇ ਗਏ। ਇਹਨਾਂ ਵਿਚੋਂ ੬੬ ਉੱਤੇ ਮੁਕੱਦਮੇ ਚਲਾਏ ਗਏ। ਚਾਲੀਆਂ ਨੂੰ ਕ੍ਰਿਪਾਨਾਂ ਰੱਖਣ, ਵੇਚਣ ਤੇ ਬਨਾਣ ਦੇ ਦੋਸ਼ ਵਿਚ ਸਜ਼ਾਵਾਂ ਦਿਤੀਆਂ ਗਈਆਂ। ੧੨ ਅਕਾਲੀਆਂ ਉੱਤੇ ਮੁਕੱਦਮੇ ਚਲ ਰਹੇ ਸਨ। ਪਰ ਸ: ਸੋਹਨ ਸਿੰਘ ਜੋਸ਼ ਅਨੁਸਾਰ ਇਹ ਅੰਕੜੇ ਅਧੂਰੇ ਤੇ ਘੱਟ ਹਨ। ਅਸਲ ਗਿਣਤੀ ਇਨ੍ਹਾਂ ਤੋਂ ਕਿਤੇ ਅਧਿਕ ਹੈ (ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ ੨੫੨)। ਇਨ੍ਹਾਂ ਮੁਕੱਦਮਿਆਂ ਵਿਚ ਜੱਜ ਗੁਆਹਾਂ ਨੂੰ ਮਜਬੂਰ ਕਰਦੇ ਕਿ ਪਹਿਲਾਂ ਕ੍ਰਿਪਾਨ ਉਤਾਰੋ, ਫਿਰ ਤੁਹਾਡੀਆਂ ਗੁਆਹੀਆਂ ਰਿਕਾਰਡ ਕੀਤੀਆਂ ਜਾਣਗੀਆਂ। ਸਰਕਾਰ ਹਰ ਇਕ ਕ੍ਰਿਪਾਨਧਾਰੀ ਸਿੱਖ ਨੂੰ 'ਮੁਜਰਮ' ਸਮਝਦੀ ਸੀ। ਇਕ ਵਿਦਿਆਰਥੀ ਕ੍ਰਿਪਾਨ ਪਾਈ ਸਕੂਲ ਜਾ ਰਿਹਾ ਸੀ, ਉਸ ਨੂੰ ਫੜ ਲਿਆ ਗਿਆ, ਅਦਾਲਤ ਨੇ ਉਸ ਨੂੰ ਜੁਰਮਾਨਾ ਕੀਤਾ। ਇਕ ਅੰਗਰੇਜ਼ ਪ੍ਰੋਫੈਸਰ ਨੇ ਇਕ ਕ੍ਰਿਪਾਨਧਾਰੀ ਵਿਦਿਆਰਥੀ ਨੂੰ ਕਲਾਸ ਵਿਚ ਕ੍ਰਿਪਾਨ ਉਤਾਰ ਕੇ ਆਉਣ ਲਈ ਹੁਕਮ ਦਿਤਾ ਤੇ ਇਹ ਵੀ ਕਿਹਾ ਕਿ ਜੇਕਰ ਪ੍ਰਿੰਸੀਪਲ ਨੇ ਕ੍ਰਿਪਾਨ ਪਾ ਕੇ ਆਉਣ ਦੀ ਆਗਿਆ ਦੇ ਵੀ ਦਿਤੀ ਤਾਂ ਵੀ ਮੇਰੀ ਮਰਜ਼ੀ ਹੋਵੇਗੀ ਕਿ ਮੈਂ ਤੈਨੂੰ ਕਲਾਸ ਵਿਚ ਬੈਠਣ ਦਿਆਂ ਜਾਂ ਨਾ (ਅਕਾਲੀ ਮੋਰਚਿਆਂ ਦਾ ਇਤਿਹਾਸ–ਪੰਨਾ ੨੫੨)।

ਅੰਮ੍ਰਿਤਧਾਰੀ ਤੇ ਰਹਿਤ ਬਹਿਤ ਵਿਚ ਪ੍ਰਪੱਕ ਸਿੰਘਾਂ ਉੱਤੇ ਜ਼ੁਲਮ ਦੀ ਹਨੇਰੀ-ਸਦਾ ਝੁਲਦੀ ਰਹੀ ਹੈ। ਉਨ੍ਹਾਂ ਨੂੰ ਫੜ ਕੇ ਕਾਲ ਕੋਠੜੀਆਂ ਵਿਚ ਸੁਟਿਆ ਜਾਂਦਾ ਰਿਹਾ ਹੈ। ਉਹਨਾਂ ਉੱਤੇ ਝੂਠੇ ਮੁਕੱਦਮੇ ਚਲਾਏ ਜਾਂਦੇ ਰਹੇ ਹਨ। ਮਨਸ਼ਾ ਕੇਵਲ ਸਿੱਖੀ ਸਰੂਪ ਨੂੰ ਢਾਹ ਲਾਉਣ ਦਾ ਹੁੰਦਾ ਸੀ। ਪਰ ਨਿਸਚੇ ਹੀ ਇਸ ਕੁਟਲਤਾ ਵਿਚ ਸਫਲਤਾ ਨਾ ਹੋ ਸਕੀ, ਕਿਉਂਕਿ ਸਿੱਖੀ ਸਰੂਪ ਗੁਰੂ ਕਲਗੀਧਰ ਦੀ ਬਖਸ਼ਿਸ਼ ਹੈ। ਇਹ ਸਰੂਪ ਸਰੀਰ ਵਾਰ ਕੇ ਪ੍ਰਾਪਤ ਕੀਤਾ ਹੋਇਆ ਹੈ। ਜਿਸ ਦਾ ਸਿਰ ਪਹਿਲਾਂ ਹੀ ਗੁਰੂ ਦੀ ਅਮਾਨਤ ਹੋਵੇ ਉਸ ਨੂੰ ਸਿਰ ਦੇਣ ਤੋਂ ਕੀ ਡਰ ਹੋ ਸਕਦਾ ਹੈ ? ਉਹ ਤਾਂ ਸਦਾ ਗੁਰੂ ਦਾ ਹੁਕਮ ਮੰਨਣ ਲਈ ਤਿਆਰ ਰਹਿੰਦਾ ਹੈ। ਗੁਰੂ ਦੀ ਪ੍ਰਾਪਤੀ ਦਾ ਢੰਗ



www.AKJ.Org

ਹੀ ਇਹੋ ਹੈ ਕਿ ਆਪਣਾ ਤਨ, ਮਨ, ਧਨ ਸਭ ਗੁਰੂ ਦਾ ਸਮਝ ਕੇ ਗੁਰੂ ਦਾ ਹੁਕਮ ਮੰਨਣ ਲਈ ਸਦਾ ਤਿਆਰ ਰਿਹਾ ਜਾਏ। ਗੁਰੂ ਕਥਨ ਹੈ— 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ।' (੯੧੮)

ਸੋ ਇਹ ਪਹਿਲੀ ਵਾਰੀ ਨਹੀਂ ਕਿ ਸਿੱਖ ਦੀ ਕ੍ਰਿਪਾਨ ਉੱਤੇ ਕਰੜੀ ਨਜ਼ਰ ਰੱਖੀ ਜਾ ਰਹੀ ਹੈ, ਸਗੋਂ ਭਗੌਤੀ ਦੀ ਧਾਰ ਵਿਚੋਂ ਪੈਦਾ ਹੋਣ ਵਾਲਿਆਂ ਕੋਲੋਂ ਉਹਨਾਂ ਦੇ ਚਿੰਨ੍ਹ ਕ੍ਰਿਪਾਨ ਖੋਹਣ ਦੀਆਂ ਕੋਸ਼ਿਸ਼ਾਂ ਕਈ ਸਰਕਾਰਾਂ ਨੇ ਕੀਤੀਆਂ। ਅਕਾਲੀ ਮੋਰਚਿਆਂ ਦਾ ਇਤਿਹਾਸ ਪੰਨਾ ੨੫੨ ਤੇ ਲਿਖਿਆ ਹੈ—'ਉਹਨਾਂ ਦਿਨਾਂ ਵਿਚ ਗੌਰਮਿੰਟ ਹਰ ਇਕ ਕ੍ਰਿਪਾਨਧਾਰੀ ਸਿੱਖ ਨੂੰ ਮੁਜਰਮ ਸਮਝਦੀ ਸੀ।'

ਅੱਜ ਵੀ ਹਾਲਾਤ ਲਗਪਗ ਉਹੋ ਜਿਹੇ ਹੀ ਹਨ। ਹਰ ਕ੍ਰਿਪਾਨਧਾਰੀ ਸਿੱਖ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਉਸ ਦੀ ਤਲਾਸ਼ੀ ਲਈ ਜਾਂਦੀ ਹੈ ਤੇ ਸਮਝਿਆ ਜਾਂਦਾ ਹੈ ਕਿ ਕ੍ਰਿਪਾਨਧਾਰੀ ਸਿੱਖ ਸੱਚਮੁੱਚ ਹੀ 'ਜਰਾਇਮ-ਪੇਸ਼ਾ' ਹਨ।

ਪਰ ਕ੍ਰਿਪਾਨ ਨਾਲ ਸਿੰਘਾਂ ਦਾ ਸੰਬੰਧ ਅੱਜ ਦਾ ਨਹੀਂ, ਸਗੋਂ ੧੬੯੯ ਦੀ ਉਸ ਇਤਿਹਾਸਕ ਘਟਨਾ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਕਲਗੀਧਰ ਪਾਤਸ਼ਾਹ ਨੇ 'ਸੀਸ-ਭੇਟ' ਲੈ ਕੇ ਕ੍ਰਿਪਾਨ, ਕੜਾ, ਕੰਘਾ ਤੇ ਕਛਹਿਰਾ ਆਦਿ ਸਿੰਘ ਨੂੰ ਰਹਿਤ ਮਰਯਾਦਾ ਦੇ ਚਿੰਨ੍ਹਾਂ ਵਜੋਂ ਬਖਸ਼ੇ ਸਨ। ਕੇਸ ਤਾਂ ਕੁਦਰਤ ਵਲੋਂ ਹਰ ਵਿਅਕਤੀ ਨੂੰ ਅਕਾਲ ਪੁਰਖ ਵਲੋਂ ਦਿਤੇ ਹੀ ਜਾਂਦੇ ਹਨ। ਅਗੋਂ ਉਹ ਉਨ੍ਹਾਂ ਦੀ ਸੰਭਾਲ ਕਰ ਕੇ ਆਪਣਾ ਫਰਜ਼ ਪਾਲਦਾ ਹੈ ਜਾਂ ਉਨ੍ਹਾਂ ਨੂੰ ਤਿਆਗ ਕੇ ਕਰਤੇ ਦੀ ਦਾਤ ਦਾ ਤ੍ਰਿਸਕਾਰ ਕਰਦਾ ਹੈ, ਇਹ ਉਸ ਦੀ ਆਪਣੀ ਕਰਤੂਤ ਹੈ। ਕੇਸਾਂ ਦੀ ਸਫ਼ਾਈ ਸੰਭਾਲ* ਲਈ ਕੰਘਾ, ਇਕਾ ਨਾਰੀ ਸਦਾ ਜਤੀ ਦਾ ਪ੍ਰਤੀਕ ਕਛਹਿਰਾ, ਬੁਰੇ ਕੰਮਾਂ ਤੋਂ ਬਚਣ ਲਈ ਅੰਕੁਸ਼ ਕੜਾ, ਅਤੇ ਸਵੈ-ਰਖਿਆ ਦਾ ਹਥਿਆਰ ਕ੍ਰਿਪਾਨ ਜ਼ੁਲਮ ਨੂੰ ਰੋਕਣ ਲਈ ਸ਼ਸਤਰ ਹੈ। ਇਸ ਦੀ ਵਰਤੋਂ ਵੀ ਸ਼ੰਕਟਮਈ ਹਾਲਾਤ ਵਿਚ ਜਦੋਂ ਹੋਰ ਸਭ ਹੀਲੇ ਬਹਾਨੇ ਖ਼ਤਮ ਹੋ ਜਾਣ ਤਾਂ ਕਰਨ ਦੀ ਆਗਿਆ ਹੈ। ਉਦੋਂ ਇਸ ਦੀ ਵਰਤੋਂ ਜਾਇਜ਼ ਹੈ। ਸਾਹਿਬਾਂ ਦਾ ਆਪਣਾ ਫੁਰਮਾਨ ਇਸ ਪ੍ਰਤੀ ਬੜਾ ਸਪੱਸ਼ਟ ਹੈ—

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ। ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।੨੨। [ਜ਼ਫ: ਪਾ: ੧੦

ਇਹ ਕ੍ਰਿਪਾਨ ਨਿਹਥਿਆਂ ਤੇ ਮਾਸੂਮਾਂ ਤੇ ਚਲਾਉਣ ਦੀ ਆਗਿਆ ਨਹੀਂ। ਇਹ ਕ੍ਰਿਪਾਨ ਤਾਂ 'ਕ੍ਰਿਪਾ' ਤੇ ਆਨ ਦਾ ਸੁਜੋੜ ਹੈ। ਕ੍ਰਿਪਾ ਤੇ ਆਨ ਵਿਚੋਂ ਵੀ ਕ੍ਰਿਪਾ ਪਹਿਲੋਂ ਹੈ ਤੇ ਆਨ ਪਿਛੋਂ, ਜਿਸ ਦਾ ਭਾਵ ਹੈ ਕ੍ਰਿਪਾ ਦ੍ਰਿਸ਼ਟੀ ਰੱਖਦਿਆਂ ਹੋਇਆ ਆਨ ਦੀ ਰੱਖਿਆ ਕਰਨੀ। ਕ੍ਰਿਪਾ ਦ੍ਰਿਸ਼ਟੀ ਜੇ ਮਾਰੂ ਨਹੀਂ ਹੋ ਸਕਦੀ ਤਾਂ ਆਨ ਵੀ ਭੈ ਮੰਨ ਕੇ ਕਾਇਮ ਨਹੀਂ ਰੱਖੀ ਜਾ ਸਕਦੀ। ਆਨ ਕਾਇਮ ਰੱਖਣ ਵਾਲੇ ਨੂੰ ਭੈ-ਰਹਿਤ, ਭਾਵ 'ਨਹਿ ਭੈ ਮਾਨਤ ਆਨ' ਹੋਣਾ ਪੈਂਦਾ ਹੈ। ਕ੍ਰਿਪਾਦ੍ਰਿਸ਼ਟੀ ਰਖਣ ਵਾਲੇ ਨੂੰ ਮਾਰੂ ਰੁਚੀ ਜਾਂ 'ਭੈ ਕਾਹੂ ਕਉ ਦੇਤ ਨਹਿ' ਵਾਲੀ ਸੋਚਣੀ ਤਿਆਗਣੀ ਪੈਂਦੀ ਹੈ। ਇਸੇ ਮਨੋਰਥ ਨੂੰ ਮੁਖ ਰੱਖ ਕੇ ਖਾਲਸਾ ਸਾਜਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ 'ਕ੍ਰਿਪਾਨ' ਬਖਸ਼ਿਸ਼ ਕੀਤੀ ਸੀ, ਨਾ ਕਿ ਤਲਵਾਰ, ਛੁਰਾ ਅਥਵਾ ਤ੍ਰਿਸੂਲ ਜਾਂ ਪਿਸਤੌਲ।

—ਸੋ ਖਾਲਸੇ ਲਈ 'ਕ੍ਰਿਪਾਨ' ਉਸ ਦੀ ਰਹਿਤ ਮਰਯਾਦਾ ਦਾ ਅੰਗ ਹੈ, ਜੋ ਉਸ ਨੂੰ ਕ੍ਰਿਪਾ ਤੇ ਆਨ ਤੇ ਅਮਲ ਕਰਨ ਦੀ ਪ੍ਰੇਰਨਾ ਦਿੰਦੀ ਹੈ।

—ਅਜੀਤ, ੨੧–੧੦–੮੬

## ਅੰਗਰੇਜ਼-ਰਾਜ ਸਮੇਂ ਫ਼ੌਜੀਆਂ ਲਈ ਕ੍ਰਿਪਾਨ ਸੰਬੰਧੀ ਕਾਨੂੰਨ—

ARMY REGULATIONS INDIA VOL. II APP. III. Rules relating to the possession of private arms by Indian officers British and Indian and other ranks.

Rule No, 17. ikh Kirpans :—All Kirpans possessed or carried by Sikhs while serving in the army are exempt from the operation of the Indian Arms Act 1878 and Indian Arms Rules 1924 provided they conform to the measurement laid down viz maximum length blade of 9 inches and a maximum length of 11½ inches.

*ਕੇਸਾਂ ਦੀ ਸਫ਼ਾਈ ਲਈ, ਕੰਘਾ ਅਤੇ ਕੇਸਾਂ ਦੀ ਸੰਭਾਲ ਲਈ 'ਕੇਸਕੀ' (ਛੋਟੀ ਦਸਤਾਰ) ਖਾਲਸੇ ਨੂੰ ਬਖਸ਼ਸ਼ ਹੋਈ।-ਸੰਪਾਦਕ



'ਸੂਰਾ' ਅੰਮ੍ਰਿਤਸਰ, ਫ਼ਰਵਰੀ ੧੯੮੭

www.AKJ.Org

## ਅਖੰਡ ਕੀਰਤਨ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

21 ਮਾਰਚ ਸ਼ਨੀਵਾਰ ਰਾਤ ਨੂੰ ਪ੍ਰੋਗਰਾਮ ਹੇਠ ਲਿਖੇ ਅਸਥਾਨ ਤੇ ਹੋ ਰਹੇ ਹਨ—
Guru Nanak Satsang Sabha, 31.Rutland Road, Maidenhead (U.K.)
ਪੁਛ ਗਿਛ—ਗੁਰਦਵਾਰਾ ਸਾਹਿਬ ਫੋਨ 0628-23507, ਭਾ: ਸੋਹਣ ਸਿੰਘ ਸਲੋਅ ਫੋਨ 0753-30624

## ਆਸਟਰੇਲੀਆ ਤੇ ਨਿਊਜ਼ੀਲੈਂਡ ਦੀ ਸਫਲ ਪ੍ਰਚਾਰ-ਯਾਤਰਾ–

ਭਾਈ ਸੁਬੇਗ ਸਿੰਘ (ਆਸਟਰੇਲੀਆ) ਅਤੇ ਭਾਈ ਰਾਜਿੰਦਰ ਸਿੰਘ (ਯੂ. ਕੇ.) ਅਖੰਡ ਕੀਰਤਨੀ ਜਥਾ (ਅੰਤਰ ਰਾਸ਼ਟਰੀ) ਸੂਚਨਾ ਦੇਂਦੇ ਹਨ ਕਿ ਆਸਟਰੇਲੀਆ ਤੇ ਨਿਊਜ਼ੀਲੈਂਡ ਦੀ ਪ੍ਰਚਾਰ-ਫੇਰੀ ਵਿਚ ਕੀਰਤਨ ਸਮਾਗਮਾਂ ਸਮੇਂ ਡੇਢ ਸੌ ਦੇ ਕਰੀਬ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਇਸ ਮਹਾਨ ਕਾਰਜ ਦੀ ਸਫਲਤਾ ਵਿਚ ਜਿਨ੍ਹਾਂ ਸੰਸਥਾਵਾਂ ਤੇ ਵਿਅਕਤੀਆਂ ਨੇ ਹਰ ਤਰ੍ਹਾਂ ਦੀ ਸੇਵਾ ਨਿਭਾਈ ਹੈ, ਉਨ੍ਹਾਂ ਲਈ ਜਥਾ ਦਿਲੋਂ ਧੰਨਵਾਦੀ ਹੈ।

## ਇੰਗਲੈਂਡ ਦੇ ਚੰਦੇ ਤੇ ਅਮਾਨਤੀ ਲਾਈਫ਼ ਮੈਂਬਰੀ ਦੇ ਬਕਾਏ ਯੂ. ਕੇ. ਵਿਚ ਜਮ੍ਹਾਂ ਕਰਾਓ ਜੀ

S. Gurnam Singh, 10-Lambourne Gardens, Early, Reading, Berks (U.K.)

## ਸ਼ਹੀਦੀ ਤੇ ਪੀੜਤ ਪਰਵਾਰ ਫੰਡ

ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਇਸ ਮਹੀਨੇ ਹੇਠ ਲਿਖੀਆਂ ਰਕਮਾਂ ਪੁਜੀਆਂ ਹਨ—

| | | | |
|---|---|---|---|
| ਗੁਪਤ ... ... ... | ੧੩੦-੦੦ | ਗੁਪਤ, ਮੇਰਠ ਸਿਟੀ | ੫੦੦-੦੦ |
| ਅਖੰਡ ਕੀਰਤਨੀ ਜਥਾ ਟਾਂਡਾ (ਹੁਸ਼ਿਆਰਪੁਰ) | ੧੮੫-੦੦ | ਜਥੇਦਾਰਨੀ ਬੀਬੀ ਜੀਤ ਕੌਰ,ਬਰਮਿੰਘਮ ਯੂ ਕੇ. | ੩੭੫੬-੦੦ |
| ਗੁਪਤ ... ... ... | ੪੦੦-੦੦ | ਭਾਈ ਬੰਤਾ ਸਿੰਘ ਰੀਹਲ ,, ,, | ੩੭੫-੪੦ |
| ਬੀਬੀ ਰਾਜਿੰਦਰ ਕੌਰ, ਕਾਨਪੁਰ | ੨੫੦-੦੦ | ਸ: ਸਤਪਾਲ ਸਿੰਘ, ਗੁ: ਗੁਰੂ ਨਾਨਕ ਪ੍ਰਕਾਸ਼ | |
| ਭਾਈ ਗੁਰਦੇਵ ਸਿੰਘ, ਮੁਕਤਸਰ | ੨੦-੦੦ | ਕੋਵੈਨਟਰੀ ਯੂ. ਕੇ. | ੪੫੯-੨੫ |
| ਸ: ਸਰਵਣ ਸਿੰਘ ਜਾਂਗਪੁਰ(ਲੁਧਿਆਣਾ) | ੮੫-੦੦ | ਗਿ: ਊਧਮ ਸਿੰਘ ,, ,, | ੮੭੯-੦੦ |
| ਸ: ਗੁਰਬਚਨ ਸਿੰਘ ਸ਼ਾਦ, ਲੁਧਿਆਣਾ | ੫੧-੦੦ | ਸਾਧ ਸੰਗਤ ਸਾਊਥਹਾਲ ,, | ੪੭੩-੩੫ |
| ਸੂਬੇਦਾਰ ਰਾਮ ਸਿੰਘ ਸਰਾਭਾ (ਲੁਧਿਆਣਾ) | ੧੦੧-੦੦ | ਸਾਧ ਸੰਗਤ ਹਡਰਸਫ਼ੀਲਡ ,, | ੯੨੬-੦੦ |
| ਈਸ਼ਾ ਮਹੇਸ਼ ... | ੨੦੦੦-੦੦ | ਸ: ਮਲਕੀਅਤ ਸਿੰਘ ਧਾਲੀਵਾਲ ਗ੍ਰੀਨਫੋਰਡ ,, | ੧੯੦੦-੦੦ |
| ਸ: ਪ੍ਰਿਤਪਾਲ ਸਿੰਘ, ਆਦਮਪੁਰ | ੧੦੦-੦੦ | ਸ: ਸਤਿੰਦਰ ਸਿੰਘ, ਲੇਅਟਨ ,, | ੭੫-੧੦ |
| ਭਾ: ਤਲਵਿੰਦਰ ਸਿੰਘ ਕਪੂਰ ਸਿੰਘ,ਢੰਡਾਰੀਕਲਾਂ | ੫੦੦-੦੦ | ਸਾਧ ਸੰਗਤ ਗੁਰਦਵਾਰਾ ਸਲੋਅ ,, | ੧੬੩੫-੦੦ |
| ਸ: ਰੇਸ਼ਮ ਸਿੰਘ ਬੁਲ੍ਹੇਵਾਲ(ਗੁਰੂ ਕੀ ਗੋਲਕ) | ੧੦੫-੦੦ | ਸ: ਭਗਵੰਤ ਸਿੰਘ Leyton , | ੬੮੭-੦੦ |
| ਗੁਪਤ ... ... ... | ੧੦੦-੦੦ | ਭਾ: ਰਘਬੀਰ ਸਿੰਘ ਪਟਵਾਰੀ ਅੰਮ੍ਰਿਤਸਰ | |
| ਭਾ: ਜੋਗਾ ਸਿੰਘ (ਹੇਮਕੁੰਟ ਯਾਤਰਾ 'ਚੋਂ) | ੧੦੫-੦੦ | ਕਾਰਖਾਨੇ ਦੇ ਉਦਘਾਟਨ ਸਮੇਂ | ੯੭-੦੦ |
| ਸ: ਪ੍ਰਿਤਪਾਲ ਸਿੰਘ ਹੈਡਮਾਸਟਰ, ਜੰਮੂ | ੨੧-੦੦ | ਸ: ਪਿਆਰ ਸਿੰਘ ਗਿਲ | |
| ਭਾਈ ਜੇ. ਸਿੰਘ ਗੁਰੂ ਕਾ ਕੀਰਤਨੀਆ | ੨੦੦੦-੦੦ | Narthampton U.K. | ੩੮੩੪-੦੦ |
| ਸ: ਸੁਚਾ ਸਿੰਘ ਨੇਵੀਂ, ਬੰਬਈ | ੧੩੦-੦੦ | ਸਾਧ ਸੰਗਤ ਕੋਨਟਰੀ ,, | ੧੯੧੭-੦੦ |
| ਬੀਬੀ ਸੁਰਜੀਤ ਕੌਰ ਨਾਗਪੁਰ (ਬਚੇ ਦੀ | | ਸਾਧ ਸੰਗਤ ਗੁਰਦਵਾਰਾ ਹਡਰਸਫ਼ੀਲਡ ,, | ੧੮੦੨-੦੦ |
| ਪਹਿਲੀ ਤਨਖਾਹ ਚੋਂ) | ੨੫੦-੦੦ | ਬੀਬੀ ਸਰਬਜੀਤ ਕੌਰ ਹੁੰਡਲ, ਲੀਡਜ਼ ,, | ੧੭੨੮-੬੦ |
| ਸ: ਭਾਗ ਸਿੰਘ ਮਾਨ,ਵਾਲਵਰਹੈਂਪਟਨ ਯੂ ਕੇ. | ੧੯੦੦-੦੦ | ਸ: ਹਰਚੰਦ ਸਿੰਘ, ਬੈਟਲੇ, ਯਾਰਕਸ ,, | ੧੨੪-੬੦ |
| ਭਾ:ਗੁਰਦੀਪ ਸਿੰਘ ਸਤਵੰਤ ਕੌਰ ਅੰਮ੍ਰਿਤਸਰ ਚੜ੍ਹਤ | ੨੦੬-੦੦ | ਬੀਬੀ ਮਹਿੰਦਰ ਕੌਰ, ਹਡਰਸਫ਼ੀਲਡ ,, | ੧੩੪-੨੦ |
| ਸ: ਮਨਮੋਹਨ ਸਿੰਘ.ਬਿਊਨਾ ਪਾਰਕ ਅਮਰੀਕਾ | ੨੦੦੦-੦੦ | ਸ: ਹਰੀ ਸਿੰਘ ਗਿਲ, ਰੈਡਿੰਗ ,, | ੯੫-੮੫ |
| ਐਚ. ਐਸ. ਗਿਲ, ਇਲਫ਼ੋਰਡ ਯੂ. ਕੇ. | ੧੦੦੦-੦੦ | ਬੀਬੀ ਸੁਰਿੰਦਰ ਕੌਰ, ਸਲੋਅ ,, | ੯੫-੮੫ |
| ਸ: ਹਰਦਿਤ ਸਿੰਘ, ਪੱਟੀ | ੨੧-੦੦ | ਸਿਖ ਐਸੋਸੀਏਸ਼ਨ, ਮਾਨਚੈਸਟਰ ,, | ੪੨੯੭-੦੦ |
| ਭਾ: ਇਕਬਾਲ ਸਿੰਘ ਅੰਮ੍ਰਿਤਸਰ(ਚੜ੍ਹਤ ਸਮਾਗਮ) | ੧੦੦-੦੦ | ਭਾਈ ਮਨਮੋਹਨ ਸਿੰਘ, ਡਰਬੀ ,, | ੮੬੨-੬੫ |

## ਪੀੜਤ ਪਰਵਾਰਾਂ ਨੂੰ ਸਹਾਇਤਾ

| | | |
|---|---|---|
| ਬੀਬੀ ਬਲਦੇਵ ਕੌਰ ਸੁਪਤਨੀ ਭਾਈ ਪੂਰਨ ਸਿੰਘ ਖਾਨੋਵਾਲ— | ਸਿਲਾਈ ਮਸ਼ੀਨ ਤੇ ਨਕਦ | ੨੦੦੦-੦੦ |
| ਬੀਬੀ ਜਸਵੰਤ ਕੌਰ ਸੁਪਤਨੀ ਭਾਈ ਜੋਗਿੰਦਰ ਸਿੰਘ ਪਿੰਡ ਅਖਾੜਾ (ਲੁਧਿਆਣਾ) | ਮਾਸਕ ਸਹਾਇਤਾ | ੩੦੦-੦੦ |
| ਬੀਬੀ ਜਸਵਿੰਦਰ ਕੌਰ ਸੁਪਤਨੀ ਸ: ਮੇਜਰ ਸਿੰਘ (Late) ਨਾਗੋਕੇ— | ਸਿਲਾਈ ਮਸ਼ੀਨ ਤੇ ਨਕਦ | ੨੦੦੦-੦੦ |
| ਬੀਬੀ ਗੁਰਦੀਪ ਕੌਰ ਸੁਪਤਨੀ ਸ: ਕਰਤਾਰ ਸਿੰਘ (Late) ਨਾਗੋਕੀ— | ਸਿਲਾਈ ਮਸ਼ੀਨ ਤੇ ਨਕਦ | ੨੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਅੰਮ੍ਰਿਤਸਰ

www.AKJ.Org

# ਗੁ:ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸਾਲਾਨਾ ਕੀਰਤਨ ਸਮਾਗਮ

## ਵੀਰਵਾਰ ੧੨ ਫ਼ਰਵਰੀ ਸਵੇਰ ਤੋਂ ੧੫ ਫ਼ਰਵਰੀ ੧੯੮੭ ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਪੁਜ ਕੇ ਕੀਰਤਨ ਵਿਚ ਜੁੜਨਗੇ । ਪਰਵਾਰਾਂ ਸਹਿਤ ਆਇ ਦੀਦਾਰ ਬਖ਼ਸ਼ੋ ਜੀ । ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ—

੧੨-੨-੮੭ ਸਵੇਰੇ ੩ ਤੋਂ ੬ ਕੀਰਤਨ ਆਸਾ ਦੀ ਵਾਰ, ਉਪ੍ਰੰਤ ਸ੍ਰੀ ਅਖੰਡਪਾਠ ਅਰੰਭ ਗੁਰੂ ਤੇਗ ਬਹਾਦਰਨਿਵਾਸ ਅਸਥਾਨ
ਸ਼ਾਮ ੫-੩੦ ਤੋਂ ੮-੩੦ ਕੀਰਤਨ ਗੁ: ਸ੍ਰੀ ਗੁਰੂ ਨਵੀਨ ਸਿੰਘ ਸਭਾ, ਧਰਮਪੁਰ ਬਜ਼ਾਰ ।

੧੩-੨-੮੭ ਸਵੇਰੇ ੫ ਤੋਂ ਦੁਪਹਿਰ ਤਕ ਗੁਰਦਵਾਰਾ ਫ਼ਤਹਗੜ੍ਹ ਸਾਹਿਬ ਸਰਹਿੰਦ
ਸ਼ਾਮ ੫ ਤੋਂ ੭-੩੦ ਹਜ਼ੂਰੀ ਕੀਰਤਨ ਨਿਤਾਪ੍ਰਤੀ ਮਰਯਾਦਾ ਅਨੁਸਾਰ ਦੂਖ ਨਿਵਾਰਨ ਸਾਹਿਬ

੧੪-੨-੮੭ ਸਵੇਰੇ ੪ ਵਜੇ ਸਮਾਪਤੀ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਹਜ਼ੂਰੀ ਕੀਰਤਨ ਦੂਖ ਨਿਵਾਰਨ ਸਾਹਿਬ
ਸ਼ਾਮ ੫ ਵਜੇ ਅੰਮ੍ਰਿਤ ਸਿੰਚਾਰ ਅਤੇ ੭-੩੦ ਰੈਣ ਸਬਾਈ ਕੀਰਤਨ ਅਰੰਭ ਗੁ: ਦੂਖ ਨਿਵਾਰਨ ਸਾਹਿਬ

੧੫-੨-੮੭ ਐਤਵਾਰ ਸਵੇਰੇ ੭ ਵਜੇ ਸਮਾਪਤੀ । ਨੋਟ—ਲੋੜ ਅਨੁਸਾਰ ਬਿਸਤਰੇ ਨਾਲ ਲਿਆਉ ਜੀ ।

ਦਰਸ਼ਨ ਅਭਿਲਾਖੀ— ਅਖੰਡ ਕੀਰਤਨੀ ਜਥਾ, ਪਟਿਆਲਾ

# ਹੋਲਾ ਮਹੱਲਾ ਸਮਾਗਮ ੧੩ ਤੋਂ ੧੬ ਮਾਰਚ ਸਵੇਰ ਤਕ ਅਨੰਦਪੁਰ ਸਾਹਿਬ

## ਪਿੰਡ ਬਲੋਲਪੁਰ (ਗੁਰਦਾਸਪੁਰ) ਵਿਖੇ ਪ੍ਰੋਗਰਾਮ ੨ ਤੋਂ ੫ ਅਪ੍ਰੈਲ ਸਵੇਰ ਤਕ

## ਪਿੰਡ ਠੀਡਾਂ ਨੇੜੇ ਕੋਟ ਫਤੂਹੀ (ਬਹਿਰਾਮਪੁਰ-ਮਾਹਲਪੁਰ ਸੜਕ ਤੇ) ਕੀਰਤਨ ਰੈਣ ਸਬਾਈ

ਭਾ: ਹਰਮਹਿੰਦਰ ਸਿੰਘ ਗੋਬਿੰਦਪੁਰੀ ਸੂਚਤ ਕਰਦੇ ਹਨ ੨੧ ਫ਼ਰਵਰੀ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ ।

## ਮੋਗਾ ਦੁਸਾਂਝ ਰੋਡ ਗੁ: ਗੁਰੂ ਤੇਗ ਬਹਾਦਰ ਸਾਹਿਬ ਵਿਖੇ ਕੀਰਤਨ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਯਾਦ ਵਿਚ ੨੮ ਫ਼ਰਵਰੀ ਸ਼ਨੀਵਾਰ ਰਾਤ ਨੂੰ ਕੀਰਤਨ ਤੇ ਅੰਮ੍ਰਿਤ-ਸਿੰਚਾਰ ਹੋ ਰਹੇ ਹਨ । ਸ਼ਨੀਵਾਰ ਸਵੇਰੇ ੭ ਤੋਂ ੧੧-੩੦ ਕੀਰਤਨ ਭਾ: ਨਿਧਾਨ ਦੇ ਗ੍ਰਿਹਿ ਵਿਖੇ। ਦਾਸਰੇ—ਅਖੰਡ ਕੀਰਤਨੀ ਜਥਾ ਮੋਗਾ

## ਤਲਵੰਡੀ ਡੱਡੀਆਂ (ਹੁਸ਼ਿਆਰਪੁਰ) ਵਿਖੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ

ਅਖੰਡ ਕੀਰਤਨੀ ਜਥਾ ਤਲਵੰਡੀ ਡੱਡੀਆਂ ਵਲੋਂ ੨੧ ਫ਼ਰਵਰੀ ਰਾਤ ਕੀਰਤਨ ਵਿਚ ਆਇ ਜੁੜੋ ਜੀ ।

ਨੋਟ—ਟਾਂਡਾ ਗੋਤਮ ਦੇ ਹਸਪਤਾਲ ਤੋਂ ਅਤੇ ਬੇਗੋਵਾਲ ਬੱਸ ਅਡੇ ਤੋਂ ਟਰਾਲੀਆਂ ਸ਼ਾਮ ੬ ਵਜੇ ਚਲਣਗੀਆਂ ।

## ਸਮਰਾਲਾ ਗੁਰਦਵਾਰਾ ਸਾਹਿਬ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ੨੧ ਫ਼ਰਵਰੀ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ ।

## ਸ੍ਰੀ ਅੰਮ੍ਰਿਤਸਰ ਗ: ਟਾਹਲੀ ਸਾਹਿਬ ਸੰਤੋਖਸਰ ਵਿਖੇ ਮਾਸਕ ਰੈਣ ਸਬਾਈ ਕੀਰਤਨ

ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ੨੧ ਫ਼ਰਵਰੀ ੧੯੮੭ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਧਾਮੀਆਂ ਖੁਰਦ (ਹੁਸ਼ਿਆਰਪੁਰ) ਵਿਖੇ ਕੀਰਤਨ ਰੈਣ ਸਬਾਈ

ਭਾਈ ਕਰਮ ਸਿੰਘ ਸਪੁਤਰ ਭਾਈ ਊਧਮ ਸਿੰਘ ਦੇ ਗ੍ਰਿਹਿ ੨੮ ਫ਼ਰਵਰੀ ਸ਼ਨੀਵਾਰ ਰਾਤ ਕੀਰਤਨ ਵਿਚ ਆਇ ਜੁੜੋ ਜੀ । ਪਿੰਡ ਧਾਮੀਆਂ ਕਪੂਰਥਲਾ—ਭੋਗਪੁਰ—ਬੁਲੋਵਾਲ ਰੋਡ ਤੇ ਹੈ ।

## ਅਖੰਡ ਕੀਰਤਨੀ ਜਥਾ ਦਸੂਹਾ ਟਾਂਡਾ ਵਲੋਂ ਸ਼ਹੀਦ ਭਾ: ਅਵਤਾਰ ਸਿੰਘ ਦੀ ਯਾਦ ੨ ਤੋਂ ੫ ਅਪ੍ਰੈਲ ਤਕ

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org